ਨਾਨਕਸ਼ਾਹੀ ਜੰਤਰੀ ਸੰਮਤ ੫੩੧

1999

2000

ਖਾਲਸਾ-ਪੰਥ ਦੇ ੩੦੦ ਸਾਲਾ ਸਾਜਣਾ ਦਿਵਸ ਨੂੰ ਸਮਰਪਤ

ਨਾਨਕਸ਼ਾਹੀ ਕੈਲੰਡਰ-ਸਮੇਂ ਦੀ ਮੰਗ

੧- ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਕੀ ਲੋੜ ਹੈ ?

ਹਰ ਇੱਕ ਕੌਮ ਦਾ ਆਪਣਾ ੨ ਕੈਲੰਡਰ ਹੈ। ਮੁਸਲਮਾਨਾਂ ਦਾ ਹਿਜਰੀ, ਈਸਾਈਆਂ ਦਾ ਈਸਵੀ, ਹਿੰਦੂਆਂ ਦਾ ਬਿਕ੍ਰਮੀ, ਆਦਿ। ਸਿੱਖ ਕੌਮ ਦਾ ਆਪਣਾ ਕੋਈ ਕੈਲੰਡਰ ਨਹੀਂ ਸੀ। ਜੋ ਨਾਨਕਸ਼ਾਹੀ ਸੰਮਤ ਜੰਤਰੀਆਂ ਵਿੱਚ ਦਿੱਤਾ ਹੁੰਦਾ ਸੀ, ਉਸ ਦਾ ਕੇਵਲ ਸੰਮਤ ਹੀ ਵੱਖ ਸੀ। ਦਰਅਸਲ ਉਹ ਬਿਕ੍ਰਮੀ ਸੰਮਤ ਦੀ ਹੂ-ਬ-ਹੂ ਨਕਲ ਸੀ। ਉਸ ਦੀਆਂ ਸੰਗ੍ਰਾਂਦਾਂ, ਤਿਥੀਆਂ (ਸੁਦੀਆਂ, ਵਦੀਆਂ) ਵੀ ਬਿਕ੍ਰਮੀ ਸੰਮਤ ਵਾਲੀਆਂ ਸਨ।

੨- ਅੱਜ ਕੱਲ੍ਹ ਬਿਕ੍ਰਮੀ ਸੰਮਤ ਦੀਆਂ ਸੰਗ੍ਰਾਂਦਾਂ ਗੁਰਦੁਆਰਿਆਂ ਵਿੱਚ ਮਨਾਈਆਂ ਜਾਂਦੀਆਂ ਹਨ, ਜੇ ਇਸੇ ਤਰ੍ਹਾਂ ਹੀ ਰਹਿਣ ਦਿੱਤਾ ਜਾਵੇ ਤਾਂ ਕੀ ਹਰਜ ਹੈ ?

ਬਿਕ੍ਰਮੀ ਸੰਮਤ ਦਾ ਸਾਲ ਮੌਸਮੀ ਸਾਲ ਨਹੀਂ ਹੈ। ਇਸ ਲਈ ਸਮਾਂ ਪੈਣ ਨਾਲ ਹੌਲੀ-ਹੌਲੀ ਇਸ ਦੇ ਮਹੀਨੇ ਮੌਸਮਾਂ ਵਿੱਚ ਸਥਿਰ ਨਹੀਂ ਰਹਿੰਦੇ। ਈਸਵੀ ਕੈਲੰਡਰ (ਜਿਸ ਨੂੰ ਅੱਜ ਕੱਲ੍ਹ ਸਾਂਝਾ ਸੰਨ ਕਹਿੰਦੇ ਹਨ) ਦਾ ਸਾਲ, ਮੌਸਮੀ ਸਾਲ ਨਾਲੋਂ ਕੇਵਲ ੨੬ ਸੈਕੰਡ ਵੱਧ ਹੈ, ਜਦਕਿ ਬਿਕ੍ਰਮੀ ਤਕਰੀਬਨ ੨੦ ਮਿੰਟ ਵੱਧ। ਇਨ੍ਹਾਂ ਫ਼ਰਕਾਂ ਕਾਰਨ ਮੌਸਮਾਂ ਅਨੁਸਾਰ ਸਾਂਝੇ ਸੰਨ ਵਿੱਚ ਤਕਰੀਬਨ ੩੩੦੦ ਸਾਲਾਂ ਵਿੱਚ ਇੱਕ ਦਿਨ ਦਾ ਅਤੇ ਬਿਕ੍ਰਮੀ ਵਿੱਚ ੭੦/੭੧ ਸਾਲਾਂ ਵਿੱਚ ਇੱਕ ਦਿਨ ਦਾ ਫ਼ਰਕ ਪੈਂਦਾ ਹੈ। ਇਹ ਹੇਠ ਦਿੱਤੀ ਸਾਰਨੀ ਤੋਂ ਹੋਰ ਵੀ ਸਪੱਸ਼ਟ ਜੋ ਜਾਵੇਗਾ :-

ਸੰਨ	ਵੈਸਾਖੀ
੧੭੫੩	੯ ਅਪ੍ਰੈਲ
੧੭੯੯	੧੦ ਅਪ੍ਰੈਲ
੧੮੯੬	੧੨ ਅਪ੍ਰੈਲ
੧੯੯੬	੧੪ ਅਪ੍ਰੈਲ
੨੧੦੦	੧੫ ਅਪ੍ਰੈਲ

ਜੇ ਨਾਨਕਸ਼ਾਹੀ ਕੈਲੰਡਰ ਦਾ ਸਾਲ ਬਿਕ੍ਰਮੀ ਸਾਲ ਦੇ ਬਰਾਬਰ ਰਹਿਣ ਦਿੱਤਾ ਜਾਂਦਾ ਤਾਂ ਵੈਸਾਖੀ ਤਕਰੀਬਨ ੧੧੦੦ ਸਾਲ ਬਾਅਦ ਮਈ ਵਿੱਚ ਹੋ ਜਾਂਦੀ, ੧੩੦੦੦ ਸਾਲ ਬਾਅਦ ਅਕਤੂਬਰ ਦੇ ☛

ਸੰਦੇਸ਼

ਅਗਲੇ ਸਾਲ ਵੈਸਾਖੀ ਨੂੰ ਸਮੁੱਚਾ ਸਿੱਖ ਜਗਤ ਖਾਲਸਾ ਪੰਥ ਦਾ 300 ਸਾਲਾ ਸਾਜਣਾ ਦਿਵਸ ਪੰਥਕ ਪਰੰਪਰਾਵਾਂ ਤੇ ਖਾਲਸਈ ਜਾਹੋ-ਜਲਾਲ ਨਾਲ ਮਨਾ ਰਿਹਾ ਹੈ। ਹਰ ਕੌਮ ਦੀ ਆਪਣੀ ਵੱਖਰੀ ਹੋਂਦ-ਹਸਤੀ ਤੇ ਪਹਿਚਾਣ ਹੁੰਦੀ ਹੈ। ਵਿਸ਼ਵ ਪੱਧਰ 'ਤੇ ਆਪੋ-ਆਪਣੀ ਕੌਮੀ ਪਹਿਚਾਣ ਨੂੰ ਦਰਸਾਉਣ ਲਈ ਕੌਮੀ ਦਿਨ-ਦਿਹਾਰ ਮਨਾਏ ਜਾਂਦੇ ਹਨ। ਦਿਨ-ਦਿਹਾਰ ਮਨਾਉਣ ਲਈ ਹਰ ਧਰਮ-ਕੌਮ ਦੇ ਅਲੱਗ-ਅਲੱਗ ਕੈਲੰਡਰ ਹਨ ਪਰ ਸਿੱਖਾਂ ਪਾਸ ਆਪਣਾ ਵੱਖਰਾ ਕੌਮੀ ਕੈਲੰਡਰ ਨਹੀਂ ਸੀ। ਬਿਕ੍ਰਮੀ ਸੰਮਤ ਨੂੰ ਹੀ ਨਾਨਕਸ਼ਾਹੀ ਸੰਮਤ ਦੇ ਤੌਰ 'ਤੇ ਵਰਤਿਆ ਜਾ ਰਿਹਾ ਸੀ ਪਰ ਬਿਕ੍ਰਮੀ ਸੰਮਤ ਮੌਸਮੀ ਸਾਲ ਨਾ ਹੋਣ ਕਰਕੇ ਹਰ ਸਾਲ ਮਹੀਨਿਆਂ ਵਿਚ ਅੰਤਰ ਆ ਰਿਹਾ ਹੈ, ਜੋ ਕਿ ਗੁਰਬਾਣੀ ਦੇ ਬਾਰਹਮਾਂਹ ਅਨੁਕੂਲ ਨਹੀਂ। ਗੁਰਬਾਣੀ ਵਿਚ ਅੰਕਤ ਬਾਰਹਮਾਂਹ ਦੇ ਅਨੁਸਾਰੀ ਸੂਰਜੀ ਕੈਲੰਡਰ ਬਣਾਉਣ ਦੀ ਕੌਮ ਦੀ ਚਿਰਕੌਣੀ ਇੱਛਾ ਸੀ, ਜਿਸ ਨੂੰ ਸ: ਪਾਲ ਸਿੰਘ ਕੈਨੇਡਾ ਨਿਵਾਸੀ ਨੇ ਸਾਲਾਂ ਬੱਧੀ ਮਿਹਨਤ ਕਰਕੇ ਅਮਲੀ ਰੂਪ ਦਿੱਤਾ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਦੇਸੀ ਮਹੀਨਿਆਂ ਦੀਆਂ ਤਰੀਕਾਂ ਨਿਸ਼ਚਤ ਕਰ ਦਿੱਤੀਆਂ ਹਨ। ਹੁਣ ਗੁਰਪੁਰਬ ਨਿਸ਼ਚਤ ਤਰੀਕਾਂ ਤੇ ਮਨਾਏ ਜਾਇਆ ਕਰਨਗੇ। ਨਾਨਕਸ਼ਾਹੀ ਜੰਤਰੀ ਤੇ ਕੈਲੰਡਰ ਨੂੰ ਇਹ ਰੂਪ ਇੰਸਟੀਚਿਊਟ ਆਫ਼ ਸਿੱਖ ਸਟਡੀਜ਼ ਚੰਡੀਗੜ੍ਹ ਵੱਲੋਂ ਵਿਦਵਾਨਾਂ ਦੀਆਂ ਬਹੁਤ ਸਾਰੀਆਂ ਇਕੱਤਰਤਾਵਾਂ ਕਰਕੇ ਪ੍ਰਦਾਨ ਕੀਤਾ ਗਿਆ ਹੈ। ਸਿੱਖ ਕੌਮ ਦੇ ਕੈਲੰਡਰ ਦੇ ਅਨੁਸਾਰ ਤਿਆਰ ਕੀਤੀ ਨਾਨਕਸ਼ਾਹੀ ਜੰਤਰੀ ਸੰਮਤ ੫੩੧ ਕੌਮ ਨੂੰ ਸਮਰਪਿਤ ਕਰਦਿਆਂ ਖੁਸ਼ੀ ਲੈ ਰਿਹਾ ਹਾਂ।

ਗੁਰੂ-ਪੰਥ ਦਾ ਦਾਸ

ਗੁਰਚਰਨ ਸਿੰਘ ਟੌਹੜਾ

18 ਮਾਰਚ 1998

ਪ੍ਰਧਾਨ, ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

ਪ੍ਰਿੰਟਰ ਅਤੇ ਪ੍ਰਕਾਸ਼ਕ:- ਸ੍ ਸੁਰਜੀਤ ਸਿੰਘ ਸਕੱਤਰ,
ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍: ਕਮੇਟੀ) ਸ੍ਰੀ ਅੰਮ੍ਰਿਤਸਰ।
ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍: ਕਮੇਟੀ), ਸ੍ਰੀ ਅੰਮ੍ਰਿਤਸਰ।
ਦਸੰਬਰ 1998 : 100000

☛ ਅੱਧ ਵਿੱਚ ਹੁੰਦੀ ! ਬਾਰਹ ਮਾਹਾ ਮਾਂਝ, ਬਾਰਹ ਮਾਹਾ ਤੁਖਾਰੀ ਅਤੇ ਰੁਤੀ ਸਲੋਕ ਬਾਣੀਆਂ ਵਿੱਚ ਜੋ ਮਹੀਨਿਆਂ ਦਾ ਸੰਬੰਧ ਮੌਸਮਾਂ ਨਾਲ ਦਿੱਤਾ ਹੈ :-

(ਬਾਰਹਮਾਹਾ ਮਾਂਝ ਵਿੱਚੋਂ)

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥...
ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥...

(ਬਾਰਹਮਾਹਾ ਤੁਖਾਰੀ ਵਿੱਚੋਂ)

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰੁ ਬਾਹੁੜੈ ॥...
ਵੈਸਾਖੁ ਭਲਾ ਸਾਖਾ ਵੇਸ ਕਰੇ ॥...
ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥...
ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥...
ਭਾਦਉ ਭਰਮਿ ਭੁਲੀ ਜੋਬਨਿ ਪੁਛਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥...

.....

ਮੌਸਮ ਉਸ ਤੋਂ ਬਿਲਕੁਲ ਉਲਟ ਹੋ ਜਾਂਦੇ ਹਨ !

੩- ਗੁਰਪੁਰਬਾਂ ਦੀਆਂ ਤਾਰੀਖਾਂ ਸਾਂਝੇ ਸੰਨ ਦੇ ਕੈਲੰਡਰ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ, ਕਦੀ ੧੦/੧੧ ਦਿਨ ਪਿਛਾਂਹ ਅਤੇ ਕਦੀ ੧੮/੧੯ ਦਿਨ ਅਗਾਂਹ, ਇਸ ਦਾ ਕੀ ਕਾਰਨ ਹੈ ?

ਗੁਰਪੁਰਬ ਚੰਦ੍ਰਮਾ ਦੀਆਂ ਤਿਥੀਂ (ਸੁਦੀਆਂ/ਵਦੀਆਂ) ਅਨੁਸਾਰ ਮਨਾਏ ਜਾਂਦੇ ਸਨ। ਚੰਦ੍ਰਸਾਲ ਦੇ ਬਾਰਾਂ ਮਹੀਨੇ ਪੂਰਨਮਾਸ਼ੀ ਤੋਂ ਪੂਰਨਮਾਸ਼ੀ ਤੱਕ ਜਾਂ ਅਮਾਵਸ ਤੋਂ ਅਮਾਵਸ ਤੱਕ ਹਨ। ਪੂਰਾ ਸਾਲ ੩੫੪ ਦਿਨ ਦਾ ਹੈ, ਜੋ ਕਿ ਸੂਰਜੀ ਸਾਲ ਨਾਲੋਂ ੧੧ ਦਿਨ ਘੱਟ ਹੈ। ਇਸ ਕਾਰਨ ਗੁਰਪੁਰਬ ਅਗਲੇ ਸਾਲ ਸੂਰਜੀ ਕੈਲੰਡਰ ਮੁਤਾਬਿਕ ੧੧ ਦਿਨ ਪਹਿਲਾਂ ਆ ਜਾਂਦੇ ਸਨ। ਪਰ ਚੰਦ੍ਰਸਾਲ ਦਾ ਸੂਰਜੀ ਸਾਲ ਨਾਲ ਮੇਲ ਰੱਖਣ ਲਈ ਹਰ ਤੀਜੇ ਜਾਂ ਚੌਥੇ ਸਾਲ, ਚੰਦ੍ਰਸਾਲ ਵਿੱਚ ਇੱਕ ਮਹੀਨਾ ਵਧਾ ਦਿੱਤਾ ਜਾਂਦਾ ਹੈ। ਉਸ ਸਾਲ ਚੰਦ੍ਰਸਾਲ ਵਿੱਚ ੧੩ ਮਹੀਨੇ

ਅਤੇ ਇੱਕ ਨਾਂ ਦੇ ਦੋ ਮਹੀਨੇ ਹੋ ਜਾਂਦੇ ਹਨ। ਵਾਧੂ ਮਹੀਨੇ ਨੂੰ ਲੌਂਦ ਦਾ ਮਹੀਨਾ ਜਾਂ ਮਲਮਾਸ ਕਹਿੰਦੇ ਹਨ। ਮਲਮਾਸ ਤੋਂ ਬਾਅਦ ਆਉਣ ਵਾਲੇ ਗੁਰਪੁਰਬ ਪਿਛਲੇ ਸਾਲ ਨਾਲੋਂ ੧੮/੧੯ ਦਿਨ ਲੇਟ ਹੋ ਜਾਂਦੇ ਹਨ। ੧੯੯੯ ਸੰਨ ਵਿੱਚ ਜੇਠ ਦਾ ਮਹੀਨਾ ਮਲਮਾਸ ਵਾਲਾ ਹੋਵੇਗਾ, ਭਾਵ ਚੰਦ੍ਰਸਾਲ ਵਿੱਚ ਜੇਠ ਦੇ ੨ ਮਹੀਨੇ ਹੋਣਗੇ, ਇਕ ਸ਼ੁੱਧ ਅਤੇ ਦੂਜਾ ਮਲ। ਮਲਮਾਸ (ਗੰਦਾ ਮਹੀਨਾ) ਵਿੱਚ ਕੋਈ ਗੁਰਪੁਰਬ ਨਹੀਂ ਮਨਾਇਆ ਜਾਂਦਾ। ਇਹ ਗੁਰਬਾਣੀ ਅਤੇ ਸਿੱਖ ਵਿਚਾਰਧਾਰਾ ਦੇ ਅਨੁਕੂਲ ਨਹੀਂ, ਕਿਉਂਕਿ ਗੁਰਬਾਣੀ ਅਨੁਸਾਰ ਕੋਈ ਵੀ ਦਿਨ ਜਾਂ ਮਹੀਨਾ ਆਪਣੇ ਆਪ ਵਿੱਚ ਨਾ ਚੰਗਾ ਹੈ ਅਤੇ ਨਾ ਹੀ ਮੰਦਾ।

੪- ਸਾਂਝੇ ਸੰਨ ਦੇ ਕਿਸੇ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੨ ਪ੍ਰਕਾਸ਼ ਗੁਰਪੁਰਬ ਆ ਜਾਂਦੇ ਹਨ, ਅਤੇ ਕਿਸੇ ਸਾਲ ਇਹ ਗੁਰਪੁਰਬ ਹੁੰਦਾ ਹੀ ਨਹੀਂ। ਇਸ ਤਰ੍ਹਾਂ ਕਿਉਂ ਹੁੰਦਾ ਹੈ ?

ਜਿਸ ਸਾਲ ਪੋਹ ਸੁਦੀ ਸੱਤਵੀਂ ਇੱਕ ਜਨਵਰੀ ਤੋਂ ੧੧ ਜਨਵਰੀ ਤੱਕ ਕਿਸੇ ਤਾਰੀਖ ਨੂੰ ਹੋਵੇ, ਤਾਂ ਚੰਦ੍ਰਮਾ ਦਾ ਸਾਲ ੩੫੪ ਦਿਨ ਦਾ ਹੋਣ ਕਰਕੇ ਇਹ ਫਿਰ ਦਸੰਬਰ ਦੇ ਅਖ਼ੀਰ ਵਿੱਚ ਆ ਜਾਣ ਨਾਲ ਉਸ ਸਾਲ ੨ ਗੁਰਪੁਰਬ ਆ ਜਾਂਦੇ ਹਨ। ਜਿਸ ਸਾਲ ਮਲਮਾਸ ਹੁੰਦਾ ਹੈ, ਉਸ ਸਾਲ ਮਹੀਨਾ ਵਧਣ ਕਾਰਨ, ਸਾਂਝੇ ਸੰਨ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਨਹੀਂ ਹੁੰਦਾ ਸੀ, ਪਰ ਇਸ ਤੋਂ ਪਹਿਲੇ ਸਾਲ ਦੋ ਗੁਰਪੁਰਬ ਹੁੰਦੇ ਸਨ। ***ਹੁਣ ਇਹ ਸਮੱਸਿਆ ਨਹੀਂ ਹੋਵੇਗੀ।*** ਸੂਰਜੀ ਕੈਲੰਡਰ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਸਦਾ ਹੀ ***੨੩ ਪੋਹ (੫ ਜਨਵਰੀ)*** ਨਾਨਕਸ਼ਾਹੀ ਸੰਮਤ ਨੂੰ ਹੋਵੇਗਾ। ਇਸੇ ਤਰ੍ਹਾਂ ਸਾਰੇ ਗੁਰਪੁਰਬਾਂ ਨੂੰ ਚੰਦ੍ਰਮਾ ਦੀਆਂ ਤਿਥੀਆਂ ਦੀ ਬਜਾਏ ਸੂਰਜੀ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਨਾਲ ਉਨ੍ਹਾਂ ਦੀਆਂ ਤਾਰੀਖਾਂ ਵੀ ਸਾਂਝੇ ਸੰਨ ਦੇ ਕੈਲੰਡਰ ਅਨੁਸਾਰ ਅਗਾਂਹ ਪਿਛਾਂਹ ਨਹੀਂ ਹੋਣਗੀਆਂ।

ਇਸ ਦੀ ਇੱਕ ਛੋਟ ਰੱਖੀ ਗਈ ਹੈ- ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ। ਭਾਵੇਂ ਗੁਰੂ ਜੀ ਦਾ ਪ੍ਰਕਾਸ਼ ਦਿਵਸ ਪਹਿਲੀ ਵੈਸਾਖ ਦਾ ਹੈ, ਪਰ ਪੰਥਕ ਪ੍ਰੰਪਰਾਵਾਂ ਅਨੁਸਾਰ ਕੱਤਕ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਸ ਲਈ ਇਹ ਗੁਰਪੁਰਬ ਹੁਣ ਦੀ ਤਰ੍ਹਾਂ ਹੀ ਕੱਤਕ ਦੀ ਪੂਰਨਮਾਸ਼ੀ, ਨਾਨਕਸ਼ਾਹੀ ਕੈਲੰਡਰ ਅਨੁਸਾਰ ਬੰਦੀ-ਛੋੜ ਦਿਵਸ (ਮੱਸਿਆ ਵਾਲਾ) ਤੋਂ ਬਾਅਦ ਪਹਿਲੀ ਪੂਰਨਮਾਸ਼ੀ, ਨੂੰ ਉਦੋਂ ਤੱਕ ਮਨਾਇਆ ਜਾਇਆ ਕਰੇਗਾ ਜਦ ਤੱਕ ਕਿ ਪੰਥ ਇਸ 'ਤੇ ਮੁੜ ਵਿਚਾਰ ਕਰਕੇ ਇਸ ਨੂੰ ਪਹਿਲੀ ਵੈਸਾਖ ਨੂੰ ਮਨਾਉਣਾ ਆਰੰਭ ਨਹੀਂ ਕਰਦਾ।

ਗੁਰਪੁਰਬਾਂ ਨੂੰ ਸੂਰਜੀ ਕੈਲੰਡਰ ਅਨੁਸਾਰ ਮਨਾਉਣ ਬਾਰੇ ਕੁਝ ਉੱਘੇ ਵਿਦਵਾਨਾਂ ਦੇ ਵਿਚਾਰ ਇਸ ਪ੍ਰਕਾਰ ਹਨ :

"ਨੋਟ : ਇਹ ਖਰੜਾ ਸੰ: ੧੯੦੬ ਈ: ਦਾ ਤਿਆਰ ਪਿਆ ਸੀ, ਪਰ ਕਈ ਕਾਰਨਾਂ ਕਰਕੇ ਇਸ ਦੇ ਛਪਣ ਦੀ ਵਾਰੀ ਨਾ ਆਈ। ਸਿੱਖ ਇਤਿਹਾਸ ਸੰਬੰਧੀ ਮੇਰਾ ਬਹੁਤ ਸਾਰਾ ਇਕੱਠਾ ਕੀਤਾ ਮਸਾਲਾ ਗਵਾਚ ਜਾਣ ਕਰਕੇ ਮੈਨੂੰ ਡਰ ਲੱਗਾ ਕਿ ਕਿਤੇ ਇਹ ਖਰੜਾ ਵੀ ਗਵਾਚ ਨਾ ਜਾਏ। ਇਸ ਤੋਂ ਬਿਨਾਂ ਜਦ ਸਰਦਾਰ ਬਹਾਦਰ ਸੂਬੇਦਾਰ ਰਾਮ ਸਿੰਘ ਜੀ ਚੱਕ ੧੨੬ (ਸਰਗੋਧਾ) ਤੇ ਸੂਬੇਦਾਰ ਠਾਕਰ ਸਿੰਘ ਜੀ ਲੀਲ (ਗੁਰਦਾਸਪਰ) ਆਦਿ ਕਈ ਸੱਜਣਾਂ ਨੇ ਗੁਰਪੁਰਬਾਂ ਦੀਆਂ ਪ੍ਰਵਿਸ਼ਟਾ ਤਾਰੀਖਾਂ ਆਪਣੇ ੨ ਗੁਰਦੁਆਰਿਆਂ ਵਿੱਚ ਪਰਚੱਲਤ ਕਰਨ ਲਈ ਮੈਥੋਂ ਮੰਗੀਆਂ, ਤਾਂ ਮੈਂ ਜ਼ਰੂਰੀ ਸਮਝਿਆ ਕਿ ਇਹ ਖਰੜਾ ਛਪਵਾ ਹੀ ਦਿੱਤਾ ਜਾਵੇ।"

ਗੁਰਪੁਰਬ ਨਿਰਣਯ -

ਸ: ਕਰਮ ਸਿੰਘ ਹਿਸਟੋਰੀਅਨ, ਪਹਿਲੀ ਨਵੰਬਰ, ੧੯੧੨

"ਸਿੱਖ ਪੰਥ ਹੁਣ ਤਕ ਸੁਦੀ ਵਦੀ ਦੀਆਂ ਥਿੱਤਾਂ ਅਨੁਸਾਰ ਗੁਰਪੁਰਬ ਮਨਾਂਦਾ ਆ ਰਿਹਾ ਹੈ ਪਰ ਇਸ ਵਿੱਚ ਦੋ ਘਾਟੇ ਟਿਕੇ ਰਹਿੰਦੇ ਹਨ। ਇਕ ਤਾਂ ਅਸੀਂ ਗੁਰਪੁਰਬ ਅਸਲੀ ਤਰੀਕ ਤੋਂ ਅਗਾਂਹ ਪਿਛਾਂਹ ਕਰ ਕੇ ਮਨਾਦੇ ਹਾਂ, ਕਿਉਂਕਿ ਬੱਝਵੀਂ ਰੁੱਤ ਤੇ ਥਿੱਤ ਸੂਰਜ ਦੇ ਹਿਸਾਬ ਹੀ ਹੋ ਸਕਦੀ ਹੈ। ਦੂਜੀ ਵੱਡੀ ਭਾਰੀ ਘਾਟ ਹੁਣ ਤਕ ਇਹ ਪੈਂਦੀ ਆ ਰਹੀ ਹੈ ਕਿ ਥਿੱਤਾਂ ਦੇ ਬਿਚੁਕੇਪਨ ਦੇ ਕਾਰਨ ਗੁਰਪੁਰਬਾਂ ਦੀਆਂ ਤਰੀਕਾਂ ਚੇਤੇ ਰਹਿਣੀਆਂ ਬਹੁਤ ਹੀ ਔਖੀ ਗੱਲ ਹੈ। ਇਸ ਦਾ ਕੋਝਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸਿੱਖ ਗੁਰਪੁਰਬਾਂ ਦਾ ਪ੍ਰੇਮੀ ਹੋਣ ਦੇ ਥਾਂ ਸੰਗ੍ਰਾਂਦਾਂ, ਮੱਸਿਆ, ਪੁੰਨਿਆ ਦਾ ਸ਼ਰਧਾਲੂ ਬਣ ਗਿਆ ਹੈ ਤੇ ਇਹ ਦਿਹਾੜੇ ਸੂਰਜ/ਚੰਦ ਦੀ ਪੂਜਾ ਨਾਲ ਮੇਲ ਖਾਂਦੇ ਹਨ। ਇਸ ਤਰ੍ਹਾਂ ਬੇ-ਮਲੂਮੇ ਹੀ ਮੁੜ ਭਰਮ-ਵਹਿਮ ਦੇ ਜਾਲ ਵਿੱਚ ਫਸਦਾ ਜਾ ਰਿਹਾ ਹੈ। ਕੁਦਰਤ ਵੱਲੋਂ ਸੱਭੇ ਦਿਨ ਹੀ ਇਕੋ ਜਿਹੇ ਹਨ। ਪਰ ਸਾਨੂੰ ਉਹ ਦਿਨ ਵਧੀਕ ਪਿਆਰੇ ਲਗਣੇ ਚਾਹੀਦੇ ਹਨ, ਜਿਨ੍ਹਾਂ ਨਾਲ ਸਾਡੇ ਸਤਿਗੁਰ ਪਾਤਿਸ਼ਾਹ ਦਾ ਜੀਵਨ-ਸੰਬੰਧ ਬਣਿਆਂ। ਸਿੱਖ ਦੇ ਹਿਰਦੇ ਵਿੱਚ ਗੁਰੂ ਪਾਤਿਸ਼ਾਹ ਵਾਸਤੇ ਚਾਉ-ਮਲ੍ਹਾਰ ਪੈਦਾ ਕਰਨ ਲਈ ***ਇਕ ਸੁਚੱਜਾ ਤਰੀਕਾ ਇਹ ਹੋ ਸਕਦਾ ਹੈ ਕਿ ਗੁਰਪੁਰਬ ਬੱਝਵੀਆਂ ਤਰੀਕਾਂ 'ਤੇ ਮਨਾਇਆ ਜਾਇਆ ਕਰਨ।"***

ਸਲੋਕ ਗੁਰੂ ਅੰਗਦ ਸਾਹਿਬ, ਸਟੀਕ-

ਪ੍ਰੋਫੈਸਰ ਸਾਹਿਬ ਸਿੰਘ ਡੀ. ਲਿਟ. (੧੯੪੮)

"ਥਿੱਤਾਂ ਦੇ ਆਧਾਰ ਪੁਰ ਚੰਦ੍-ਵਰਖ ੩੫੪ ਦਿਨਾਂ ਦੇ ਏੜ-ਗੇੜ ਵਿੱਚ ਹੁੰਦਾ ਹੈ ਪਰ ਸੂਰਜ-ਵਰਖ ਦੇ ਪ੍ਰਵਿਸ਼ਟੇ (ਤਰੀਖਾਂ) ੩੬੫-੬੬ ਹੁੰਦੇ ਹਨ। ਇਸ ਫ਼ਰਕ ਦੇ ਕਾਰਨ ਕੁਝ ਗੁਰਪੁਰਬ ਤੇ ਤਿਉਹਾਰ ਇਕ ਸਾਲ ਅੰਦਰ ਦੋ ਵਾਰੀ ਆ ਜਾਂਦੇ ਹਨ, ਕਿਸੇ ਸਾਲ ਆਉਂਦੇ ਹੀ ਨਹੀਂ। ਇਹ ਘਾਟ ਅਕਸਰ ਹੈਰਾਨੀ ਦਾ ਕਾਰਨ ਬਣੀ ਰਹਿੰਦੀ ਹੈ। ***ਇਸ ਕਰਕੇ, ਅਨੇਕ ਸਿਆਣੇ ਸੱਜਣਾਂ ਦਾ ਵਿਚਾਰ ਹੈ ਕਿ ਗੁਰਪੁਰਬ ਸਾਰੇ ਸੂਰਜ-ਸੰਮਤ ਵਿੱਚ, ਪ੍ਰਵਿਸ਼ਟਿਆਂ ਦੇ ਆਧਾਰ ਪੁਰ ਮਨਾਏ ਜਾਣੇ ਚਾਹੀਦੇ ਹਨ।*** ਸੋ, ਸਾਰੀਆਂ ਮੁਖੀ ਸਭਾ ਸੋਸਾਇਟੀਆਂ ਨੂੰ ਇਸ ਮਾਮਲੇ 'ਤੇ ਪੂਰੀ ਗਹੁ ਨਾਲ ਬਿਚਾਰ ਕਰਕੇ, ਦੋ-ਟੂੱਕ ਫ਼ੈਸਲਾ ਕਰਨਾ ਚਾਹੀਦਾ ਹੈ, ਤਾਂ ਜੋ ਅੱਗੇ ਲਈ ਝਗੜੇ-ਝਮੇਲੇ ਮਿਟ ਜਾਣ ਤੇ ਸਹੀ-ਸਿੱਧੀ ਤੇ ਸੌਖੀ ਪ੍ਰਪਾਟੀ ਪੈ ਜਾਵੇ।"

ਗੁਰ-ਪ੍ਰਣਾਲੀਆਂ -

ਸੰਪਾਦਕ: ਸ: ਰਣਧੀਰ ਸਿੰਘ ਰੀਸਰਚ ਸਕਾਲਰ ਸ੍ਰੋ: ਕਮੇਟੀ। ਪ੍ਰਕਾਸ਼ਕ: ਸਿੱਖ ਇਸਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਅਪ੍ਰੈਲ, ੧੯੭੭।

੫- ਜੋ ਨਾਨਕਸ਼ਾਹੀ ਕੈਲੰਡਰ ਇਸ ਜੰਤਰੀ ਵਿੱਚ ਦਿੱਤਾ ਹੈ, ਉਸ ਦੀਆਂ ਕੀ ਵਿਸ਼ੇਸ਼ਤਾਈਆਂ ਹਨ ?

ਇਸ ਕੈਲੰਡਰ ਵਿੱਚ ਉਹ ਸਾਰੇ ਗੁਣ ਹਨ ਜੋ ਇੱਕ ਸੁਤੰਤਰ ਸਿੱਖ ਕੈਲੰਡਰ ਵਿੱਚ ਹੋਣੇ ਚਾਹੀਦੇ ਹਨ :

(ੳ) ਸਾਲ ਦਾ ਪਹਿਲਾ ਮਹੀਨਾ ਗੁਰਬਾਣੀ ਅਨੁਸਾਰ ਚੇਤ ਰੱਖਿਆ ਗਿਆ ਹੈ।

(ਅ) ਇਹ ਮੌਸਮੀ ਸਾਲ ਦੀ ਲੰਬਾਈ 'ਤੇ ਆਧਾਰਿਤ ਹੋਣ ਕਾਰਨ ਗੁਰਬਾਣੀ ਅਨੁਕੂਲ ਹੈ। ਇਸ ਦੇ ਮਹੀਨੇ ਮੌਸਮਾਂ ਵਿੱਚ ਸਦਾ ਸਥਿਰ ਰਹਿਣਗੇ। ਬਿਕ੍ਰਮੀ ਸੰਮਤ ਦੇ ਮਹੀਨਿਆਂ ਦੇ ਦਿਨ ਨਿਸਚਤ ਨਹੀਂ ਹਨ। ਇਹ ਗਰਮੀਆਂ ਦੇ ਮੌਸਮ ਵਿੱਚ ੩੧ ਜਾਂ ੩੨ ਦਿਨ ਦੇ ਹੋ ਸਕਦੇ ਹਨ, ਅਤੇ ਸਰਦੀਆਂ ਵਿੱਚ ੨੯ ਜਾਂ ੩੦ ਦਿਨ ਦੇ। ਮਹੀਨੇ ਦੀ ਅਰੰਭਤਾ ਦਾ ਦਿਨ ਕੱਢਣ ਲਈ ਬੜੇ ਪੇਚੀਦਾ ਤਰੀਕੇ ਹਨ, ਇਸ ਕਾਰਨ

ਜਨ-ਸਾਧਾਰਨ ਨੂੰ ਜੰਤਰੀਆਂ ਦੇ ਛਪਣ ਦੀ ਉਡੀਕ ਕਰਨੀ ਪੈਂਦੀ ਸੀ। ਨਾਨਕਸ਼ਾਹੀ ਸੰਮਤ ਦੇ ਹਰ ਮਹੀਨੇ ਦੀ ਪਹਿਲੀ ਤਾਰੀਖ (ਅਰੰਭਤਾ) ਹਰ ਸਾਲ ਸਾਂਝੇ ਸੰਨ ਦੇ ਸੰਬੰਧਤ ਮਹੀਨੇ ਦੀ ਉਸੇ ਤਾਰੀਖ ਨੂੰ ਹੀ ਹੋਵੇਗੀ। ਇਸ ਲਈ ਮਾਹ ਅਰੰਭਤਾ ਪਤਾ ਕਰਨ ਲਈ ਜੰਤਰੀਆਂ ਉਡੀਕਣ ਦੀ ਲੋੜ ਨਹੀਂ ਹੋਵੇਗੀ।

(ਏ) ਇਹ ਕੈਲੰਡਰ ਬੜਾ ਸਰਲ ਹੈ। ਮਹੀਨਿਆਂ ਦੇ ਦਿਨਾਂ ਦੀ ਗਿਣਤੀ ਇਸ ਪ੍ਰਕਾਰ ਹੈ :-

ਚੇਤ ੩੧, **ਵੈਸਾਖ** ੩੧, **ਜੇਠ** ੩੧, **ਹਾੜ** ੩੧, **ਸਾਵਣ** ੩੧, **ਭਾਦੋਂ** ੩੦, **ਅੱਸੂ** ੩੦, **ਕੱਤਕ** ੩੦, **ਮੱਘਰ** ੩੦, **ਪੋਹ** ੩੦, **ਮਾਘ** ੩੦, **ਫੱਗਣ** ੩੦ ਸਾਧਾਰਨ ਸਾਲ ਵਿੱਚ, ਪਰ ੩੧ ਜਿਸ ਸਾਲ ਵਿੱਚ ਫਰਵਰੀ ੨੯ ਦਿਨ ਦੀ ਹੋਵੇ (ਲੀਪ ਦਾ ਸਾਲ)।

ਸਰਬ ਸਾਂਝੇ ਸੰਨ ਦੇ ਮਹੀਨਿਆਂ ਵਿੱਚ ਨਾਨਕਸ਼ਾਹੀ ਸੰਮਤ ਦੇ ਮਹੀਨਿਆਂ ਦੀ ਅਰੰਭਤਾ ਦੀਆਂ ਤਾਰੀਖਾਂ ਹੇਠ ਦਿੱਤੇ ਅਨੁਸਾਰ ਸਦਾ ਲਈ ਨਿਸਚਿਤ ਕਰ ਦਿੱਤੀਆਂ ਗਈਆਂ ਹਨ :

ਚੇਤ ੧੪ ਮਾਰਚ, **ਵੈਸਾਖ** ੧੪ ਅਪ੍ਰੈਲ, **ਜੇਠ** ੧੫ ਮਈ, **ਹਾੜ** ੧੫ ਜੂਨ, **ਸਾਵਣ** ੧੬ ਜੁਲਾਈ, **ਭਾਦੋਂ** ੧੬ ਅਗਸਤ, **ਅੱਸੂ** ੧੫ ਸਤੰਬਰ, **ਕੱਤਕ** ੧੫ ਅਕਤੂਬਰ, **ਮੱਘਰ** ੧੪ ਨਵੰਬਰ, **ਪੋਹ** ੧੪ ਦਸੰਬਰ, **ਮਾਘ** ੧੩ ਜਨਵਰੀ, **ਫੱਗਣ** ੧੨ ਫਰਵਰੀ।

ਉਪ੍ਰੋਕਤ ਸਕੀਮ ਅਨੁਸਾਰ ਨਾਨਕਸ਼ਾਹੀ ਸੰਮਤ ਦੇ ਕਿਸੇ ਮਹੀਨੇ ਦੀ ਕੋਈ ਵੀ ਤਾਰੀਖ਼ ਹਰ ਸਾਲ ਸਾਂਝੇ ਸੰਨ ਦੇ ਕੈਲੰਡਰ ਦੀ ਉਸੇ ਤਾਰੀਖ਼ ਨੂੰ ਆਵੇਗੀ। ਉਦਾਹਰਣ ਲਈ **੨੩ ਪੋਹ** ਦਾ ਦਿਨ ਸਦਾ ਹੀ **੫ ਜਨਵਰੀ** ਨੂੰ ਹੋਵੇਗਾ। ਕੇਵਲ ਜਦੋਂ ਲੀਪ ਦਾ ਸਾਲ ਹੋਵੇ ਤਾਂ ੧ ਮਾਰਚ ਤੋਂ ੧੩ ਮਾਰਚ ਦੀਆਂ ਫੱਗਣ ਦੇ ਮਹੀਨੇ ਦੀਆਂ ਤਾਰੀਖ਼ਾਂ ਦਾ ਸਾਧਾਰਣ ਸਾਲ ਵਾਲੀਆਂ ਤਾਰੀਖ਼ਾਂ ਨਾਲੋਂ ਇੱਕ ਤਾਰੀਖ਼ ਦਾ ਫ਼ਰਕ ਹੋਵੇਗਾ।

(ਸ) ਹੋਰ ਵਿਸ਼ੇਸ਼ਤਾਈ ਇਹ ਹੈ ਕਿ ਇਸ ਵਿੱਚ ਲੀਪ ਦੇ ਸਾਲ ਦਾ ਵਾਧੂ ਦਿਨ ਸਾਲ ਦੇ ਆਖ਼ਰੀ ਮਹੀਨੇ ਫੱਗਣ ਦਾ ਆਖ਼ਰੀ ਦਿਨ ਹੈ।

੬- ਕੀ ਗੁਰਪੁਰਬਾਂ ਦੀਆਂ ਤਾਰੀਖ਼ਾਂ ਨੂੰ ਬਦਲ ਦਿੱਤਾ ਗਿਆ ਹੈ ?

ਬਿਲਕੁਲ ਨਹੀਂ। ਕੋਈ ਵਿਅਕਤੀ ਵੀ ਗੁਰੂ ਸਾਹਿਬਾਨ ਦੇ ਸੰਬੰਧਤ ਗੁਰਪੁਰਬ ਬਦਲਣ ਦਾ ਅਧਿਕਾਰੀ ਨਹੀਂ। ਅਸੀਂ ਤਾਂ ਕੇਵਲ ਸਹੀ ਦਿਨ ਲੱਭ ਕੇ ਉਸ ਨੂੰ ਨਿਸਚਤ ਕੀਤਾ ਹੈ। ਹਰ ਇੱਕ ਗੁਰਪੁਰਬ ਦੀ ਸ਼ੁੱਧ ਤਾਰੀਖ਼ ਦਾ ਆਧਾਰ ਤਿੱਥੀ ਦੀ ਥਾਂ ਉਸੇ ਤਿੱਥੀ ਵਾਲੇ ਦਿਨ ਜੋ ਪ੍ਰਵਿਸ਼ਟਾ ਸੀ ਉਸ ਨੂੰ ਮੁੱਖ ਰੱਖਿਆ ਹੈ ਅਤੇ ਉਸ ਨੂੰ ਨਾਨਕਸ਼ਾਹੀ ਕੈਲੰਡਰ ਦੇ ਦੇਸੀ ਮਹੀਨੇ ਅਨੁਸਾਰ ਇਸ ਜੰਤਰੀ ਵਿੱਚ ਦਰਜ ਕਰ ਦਿੱਤਾ ਹੈ।

੭- ਕੀ ਪੂਰਨਮਾਸ਼ੀ ਅਤੇ ਮੱਸਿਆ ਦੀਆਂ ਤਾਰੀਖ਼ਾਂ ਨੂੰ ਬਦਲ ਦਿੱਤਾ ਗਿਆ ਹੈ ?

ਧਰਤੀ ਦੁਆਲੇ ਘੁੰਮਦਾ ਹੋਇਆ ਚੰਦ੍ਰਮਾ ਜਦ ਸੂਰਜ ਦੇ ਸਾਹਮਣੇ ਉਸ ਤੋਂ ਉਲਟ ਪਾਸੇ ਹੁੰਦਾ ਹੈ ਤਾਂ ਪੂਰਨਮਾਸ਼ੀ ਹੁੰਦੀ ਹੈ ਅਤੇ ਜਿਸ ਸਮੇਂ ਇਹ ਸੂਰਜ ਅਤੇ ਧਰਤੀ ਵਿਚਕਾਰ ਆ ਜਾਂਦਾ ਹੈ ਤਾਂ ਮੱਸਿਆ ਹੁੰਦੀ ਹੈ। ਇਹ ਕੁਦਰਤੀ ਘਟਨਾਵਾਂ ਹਨ, ਜਿਨ੍ਹਾਂ ਨੂੰ ਬਦਲਣਾ ਮਨੁੱਖ ਦੇ ਵੱਸ ਨਹੀਂ। ਇਹ ਉਸੇ ਤਰ੍ਹਾਂ ਹੀ ਰਹਿਣਗੀਆਂ।

੮. ਸੰਗ੍ਰਾਂਦ ਦਾ ਕੀ ਅਰਥ ਹੈ ਅਤੇ ਇਹ ਗੁਰਦੁਆਰਿਆਂ ਵਿੱਚ ਕਿਉਂ ਮਨਾਈ ਜਾਂਦੀ ਹੈ ?

ਬਿਕ੍ਰਮੀ ਕੈਲੰਡਰ ਵਿੱਚ ਸੰਗ੍ਰਾਂਦਾਂ ਦਾ ਸੰਬੰਧ ਰਾਸ਼ੀਆਂ ਨਾਲ ਹੈ। ਜਿਸ ਦਿਨ ਸੂਰਜ ਇਕ ਰਾਸ਼ੀ 'ਚੋਂ ਨਿਕਲ ਕੇ ਅਗਲੀ ਰਾਸ਼ੀ ਵਿੱਚ ਪ੍ਵੇਸ਼ ਕਰਦਾ ਹੈ ਉਸ ਦਿਨ ਸੰਗ੍ਰਾਂਦ ਹੁੰਦੀ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਮਾਹ ਅਰੰਭਤਾ (ਸੰਗ੍ਰਾਂਦਾਂ) ਦਾ ਰਾਸ਼ੀਆਂ ਨਾਲ ਕੋਈ ਸੰਬੰਧ ਨਹੀਂ ਹੈ। ਸ਼ਬਦ 'ਅਰੰਭਤਾ' ਮਹੀਨੇ ਦੀ ਪਹਿਲੀ ਤਾਰੀਖ਼ ਲਈ ਵਰਤਿਆ ਹੈ, ਰਾਸ਼ੀ ਪ੍ਵੇਸ਼ ਲਈ ਨਹੀਂ। ਜਿਸ ਸਮੇਂ ਅੰਗ੍ਰੇਜ਼ੀ ਕੈਲੰਡਰ ਬਹੁਤ ਪ੍ਚੱਲਤ ਨਹੀਂ ਸੀ, ਤਾਰੀਖ਼ਾਂ (ਪ੍ਵਿਸ਼ਟੇ) ਸੰਗ੍ਰਾਂਦ ਦੇ ਦਿਨ ਤੋਂ ਗਿਣੀਆਂ ਜਾਣ ਕਾਰਨ ਅਤੇ ਸੰਗ੍ਰਾਂਦ ਗੁਰਦੁਆਰਿਆਂ ਵਿੱਚ ਮਨਾਉਣ ਕਾਰਨ, ਆਮ ਲੋਕਾਂ ਨੂੰ ਵੀ ਪਤਾ ਰਹਿੰਦਾ ਸੀ ਕਿ ਮਹੀਨਾ ਕਿੰਨੇ ਦਿਨ ਗਿਆ ਹੈ ਅਤੇ ਨਾਲ ਹੀ ਘੱਟੋ-ਘੱਟ ਇੱਕ ਦਿਨ ਗੁਰੂ-ਘਰ ਹਾਜ਼ਰੀ ਵੀ ਲੱਗ ਜਾਂਦੀ ਸੀ।

੯. ਕੀ ਪ੍ਚੱਲਤ ਜੰਤਰੀਆਂ ਅਤੇ ਪੰਚਾਂਗਾਂ ਬਨਾਉਣ ਵਾਲਿਆਂ ਨੂੰ ਪਤਾ ਨਹੀਂ ਕਿ ਬਿਕ੍ਰਮੀ ਸਾਲ ਮੌਸਮੀ ਸਾਲ ਨਹੀਂ ਅਤੇ ਇਸ ਦੇ ਮਹੀਨੇ ਮੌਸਮਾਂ ਅਨੁਸਾਰ ਹੌਲੀ ੨ ਬਦਲਦੇ ਰਹਿੰਦੇ ਹਨ ?

ਉਨ੍ਹਾਂ ਨੂੰ ਇਹ ਸਭ ਪਤਾ ਹੈ। ਉਨ੍ਹਾਂ ਵਿੱਚ ਵੀ ਇਹ ਚਰਚਾ ਚੱਲ ਰਹੀ ਹੈ ਕਿ ਕੈਲੰਡਰ ਮੌਸਮੀ ਸਾਲ ਦੀ ਲੰਬਾਈ 'ਤੇ ਆਧਾਰਿਤ ਹੋਣਾ ਚਾਹੀਦਾ ਹੈ। ਕਈ ਪੰਚਾਂਗ ਕਰਤਾ ਤਾਂ ਬਿਕ੍ਰਮੀ ਸੰਗ੍ਰਾਂਦਾਂ ਨਾਲ ਸਾਇਨ ਸੰਗ੍ਰਾਂਦਾਂ (ਮੌਸਮੀ ਮਹੀਨਿਆਂ ਦਾ ਪਹਿਲਾ ਦਿਨ) ਵੀ ਆਪਣੀ ਪੰਚਾਂਗ ਵਿੱਚ ਦੇਣ ਲੱਗ ਪਏ ਹਨ। ਇਨ੍ਹਾਂ ਸੰਗ੍ਰਾਂਦਾਂ ਦਾ ਰਾਸ਼ੀਆਂ ਨਾਲ ਕੋਈ ਸੰਬੰਧ ਨਹੀਂ।

੧੦. ਕੀ ਪਹਿਲਾਂ ਵੀ ਕਦੀ ਕਿਸੇ ਕੈਲੰਡਰ ਵਿੱਚ ਸੋਧ ਹੋਈ ਹੈ ?

ਨਾਨਕਸ਼ਾਹੀ ਕੈਲੰਡਰ ਨਵੀਨ ਨਿਯਮਾਂ ਅਨੁਸਾਰ ਤਿਆਰ ਕਰ ਕੇ ਅਸੀਂ ਕੋਈ ਅਜੇਹਾ ਕੰਮ ਨਹੀਂ ਕਰ ਰਹੇ ਜੋ ਕਦੀ ਨਾ ਹੋਇਆ ਹੋਵੇ। ਕੈਲੰਡਰ ਇਨਸਾਨ ਦੇ ਬਣਾਏ ਹੋਏ ਹਨ ਅਤੇ ਪੁਰਾਣੇ ਸਮੇਂ ਤੋਂ ਵੱਖ-ਵੱਖ ਦੇਸ਼ਾਂ ਵਿੱਚ ਕੈਲੰਡਰ ਦੀ ਸੋਧ ਹੁੰਦੀ ਆਈ ਹੈ। ਜੂਲੀਅਸ ਸੀਜ਼ਰ ਨੇ ਚੰਦਰ ਸਾਲ ਨੂੰ ਤਿਆਗ ਕੇ ਰੋਮ ਵਿੱਚ ਸੂਰਜੀ ਸਾਲ 'ਤੇ ਆਧਾਰਿਤ ਕੈਲੰਡਰ ਪ੍ਚੱਲਤ ਕੀਤਾ। ਪਰ ਇਸ ਦੇ ਸਾਲ ਦੀ ਲੰਬਾਈ ਵੀ ਠੀਕ ਨਹੀਂ ਸੀ ਅਤੇ ੧੨੮ ਸਾਲ ਵਿੱਚ ਮੌਸਮੀ ਸਾਲ ਨਾਲੋਂ ਇਕ ਦਿਨ ਦਾ ਫ਼ਰਕ ਪੈ ਜਾਂਦਾ ਸੀ। ਇਸ ਦੀ ਸੋਧ ਪੋਪ ਗ੍ਰੈਗਰੀ ਨੇ ੧੫੮੨ ਈ: ਵਿੱਚ ਕੀਤੀ ਅਤੇ ਮੌਸਮੀ ਸਾਲ ਦੀ ਸ਼ੁੱਧ ਲੰਬਾਈ ਅਨੁਸਾਰ ਕੈਲੰਡਰ ਨੂੰ ਰੱਖਣ ਲਈ ਨਿਯਮ ਸਥਾਪਤ ਕਰ ਦਿੱਤੇ। ਅੱਜ ਕੱਲ੍ਹ ਜੋ ਸਾਂਝਾ ਸੰਨ ਚੱਲ ਰਿਹਾ ਹੈ ਉਹ ਪੋਪ ਗ੍ਰੈਗਰੀ ਦੇ ਸੁਧਾਰੇ ਹੋਏ ਕੈਲੰਡਰ ਅਨੁਸਾਰ ਹੀ ਹੈ। ੧੯੬੦-੬੯ ਈ: ਵਾਲੇ ਦਹਾਕੇ ਵਿੱਚ ਪੰਜਾਬ ਦੇ ਪੰਚਾਂਗ ਬਨਾਉਣ ਵਾਲਿਆਂ ਨੇ ਸੂਰਜ ਸਿਧਾਂਤ ਅਨੁਸਾਰ ਗਣਿਤ ਨੂੰ ਤਿਲਾਂਜਲੀ ਦੇ ਕੇ, ਨਵੀਨ ਗਣਿਤ ਅਨੁਸਾਰ ਪੰਚਾਂਗ ਬਨਾਉਣੇ ਆਰੰਭ ਕਰ ਦਿੱਤੇ। ਇਨ੍ਹਾਂ ਪੰਚਾਂਗਾਂ ਦੀਆਂ ਕੁਝ ਸੰਗ੍ਰਾਂਦਾਂ ਅਤੇ ਸੂਰਜ ਸਿਧਾਂਤ ਅਨੁਸਾਰ ਬਣ ਰਹੇ ਪੰਚਾਂਗਾਂ ਦੀਆਂ ਸੰਗ੍ਰਾਂਦਾਂ ਵਿੱਚ ਕਿਤੇ-ਕਿਤੇ ਫ਼ਰਕ ਹੈ। ਭਾਰਤ ਦੀ ਸਰਕਾਰ ਨੇ ਜੋ ਨੈਸ਼ਨਲ ਸ਼ਾਕਾ ਕੈਲੰਡਰ ੧੯੫੭ ਈ: ਤੋਂ ਲਾਗੂ ਕੀਤਾ ਹੈ, ਉਸ ਦੀਆਂ ਸੰਗ੍ਰਾਂਦਾਂ ਵੀ ਬਿਕ੍ਰਮੀ ਸੰਮਤ ਵਾਲੀਆਂ ਹੁੰਦੀਆਂ ਸਨ, ਪਰ ੧੯੫੭ ਈ: ਵਿੱਚ ਉਸ ਨੂੰ ਸੋਧ ਕੇ ਬਿਕ੍ਰਮੀ ਕੈਲੰਡਰ ਨਾਲੋਂ ਜੁਦਾ ਕਰ ਦਿੱਤਾ ਅਤੇ ਉਸ ਦਾ ਸਾਲ ਵੀ ਮੌਸਮੀ ਕਰ ਦਿੱਤਾ। ਹੁਣ ਪੰਚਾਂਗਾਂ ਵਾਲੇ ਉਸ ਦਾ ਵੱਖਰਾ ਕਾਲਮ ਲਾਉਂਦੇ ਹਨ। ਇਸੇ ਤਰ੍ਹਾਂ ਪੰਚਾਂਗਾਂ ਵਾਲਿਆਂ ਨੂੰ ਨਾਨਕਸ਼ਾਹੀ ਕੈਲੰਡਰ ਦਾ ਜੁਦਾ ਕਾਲਮ ਲਗਾਣਾ ਚਾਹੀਦਾ ਹੈ, ਕਿਉਂਕਿ ਇਸ ਦੀਆਂ ਤਾਰੀਖ਼ਾਂ ਬਿਕ੍ਰਮੀ ਨਾਲੋਂ ਅੱਜ ਕੱਲ੍ਹ ਕੁਝ ਮਹੀਨਿਆਂ ਦੀਆਂ ਵੱਖਰੀਆਂ ਹੋਣਗੀਆਂ, ਪਰ ੧੦੦ ਸਾਲ ਤੱਕ ਸਭ ਵੱਖਰੀਆਂ ਹੋ ਜਾਣਗੀਆਂ। ਸਾਨੂੰ ਇਸ ਗੱਲ ਤੋਂ ਕੋਈ ਚਿੰਤਾ ਨਹੀਂ ਹੋਣੀ ਚਾਹੀਦੀ ਕਿ ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੀ ਅਰੰਭਤਾ ਬਿਕ੍ਰਮੀ ਕੈਲੰਡਰ ਦੇ ਮਹੀਨਿਆਂ ਨਾਲੋਂ ਵੱਖ ਹੋ ਗਈ ਹੈ, ਸ਼ਾਕਾ ਸੰਮਤ ਦੀਆਂ ਤਾਰੀਖਾਂ ਵੀ ਤਾਂ ਵੱਖ ਹੀ ਹਨ। ਸੂਰਜ ਸਿਧਾਂਤ ਤੇ ਨਵੀਨ ਪ੍ਣਾਲੀ ਦੀਆਂ ਕੁਝ ਸੰਗ੍ਰਾਂਦਾਂ ਵੀ ਤਾਂ ਆਪੋ ਵਿੱਚ ਨਹੀ ਮਿਲਦੀਆਂ।

੧੧. ਬੰਦੀ ਛੋੜ ਦਿਵਸ ਦੀ ਇਸ ਕੈਲੰਡਰ ਵਿੱਚ ਕੀ ਸਥਿਤੀ ਹੈ ?

ਕੁਝ ਸਾਲਾਂ ਤੋਂ ਸਿੱਖ-ਜਗਤ ਦੀਵਾਲੀ ਨੂੰ ਬੰਦੀ ਛੋੜ ਦਿਵਸ ਦੇ ਤੌਰ 'ਤੇ ਮਨਾਉਣ ਲੱਗ ਪਿਆ ਹੈ। ਦੀਵਾਲੀ ਕੱਤਕ ਦੀ ਮੱਸਿਆ ਨੂੰ ਜਾਂ ਇਕ ਦਿਨ ਪਹਿਲਾਂ ਹੁੰਦੀ ਹੈ। ਜਿਵੇਂ ਉਪਰ ਦੱਸਿਆ ਗਿਆ ਹੈ, ਅਸੀਂ ਪੂਰਨਮਾਸ਼ੀ ਜਾਂ ਅਮਾਵਸ ਨੂੰ ਬਦਲ ਨਹੀਂ ਸਕਦੇ। ਹੌਲੀ-ਹੌਲੀ ਬਿਕ੍ਰਮੀ ਸੰਮਤ ਦੀ ਦੀਵਾਲੀ ਵੀ ਉਸ ਦੇ ਕੱਤਕ ਮਹੀਨੇ ਨਾਲ ਅਗਾਂਹ ਹੁੰਦੀ ਜਾਵੇਗੀ, ਜਦਕਿ ਨਾਨਕਸ਼ਾਹੀ ਕੈਲੰਡਰ ਦਾ ਕੱਤਕ ਮਹੀਨਾ ਅੱਜ ਕੱਲ੍ਹ ਵਾਂਗ ਹੀ ਹੋਵੇਗਾ। ਬੰਦੀ ਛੋੜ ਦਿਵਸ ਨੂੰ ਕੱਤਕ ਅਮਾਵਸ ਨੂੰ ਮਨਾਉਣ ਲਈ ਬੰਦੀ ਛੋੜ ਦਿਵਸ ਦੀ ਪ੍ਰੀਭਾਸ਼ਾ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਸ ਤਰ੍ਹਾਂ ਹੈ :

ਨਾਨਕਸ਼ਾਹੀ ਕੱਤਕ ਦੇ ਮਹੀਨੇ ਵਿੱਚ ਆਉਣ ਵਾਲੀ ਪਹਿਲੀ ਮੱਸਿਆ (ਸ਼ਾਮ ਸਮੇਂ ਦੀ) ਨੂੰ ਬੰਦੀ ਛੋੜ ਦਿਵਸ ਮਨਾਇਆ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਕਿਸੇ ਸਾਲ ਇਹ ਬਿਕ੍ਰਮੀ ਸਾਲ ਦੀ ਦੀਵਾਲੀ ਵਾਲੇ ਦਿਨ ਅਤੇ ਕਿਸੇ ਸਾਲ ਦੀਵਾਲੀ ਨਾਲੋਂ ਤਕਰੀਬਨ ਇੱਕ ਮਹੀਨੇ ਦੇ ਫ਼ਰਕ ਨਾਲ ਹੋਵੇਗਾ। ਕਾਰਨ ਇਹ ਹੈ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਲੌਂਦ ਵਾਲੇ ਮਹੀਨੇ ਜਾਂ ਮਲਮਾਸ ਦਾ ਕੋਈ ਸਥਾਨ ਨਹੀਂ ਹੈ।

ਇਸ ਜੰਤਰੀ ਵਿੱਚ ਦਿੱਤੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਦਾ ਨਿਰਣਾ ਕਿਵੇਂ ਕੀਤਾ ਗਿਆ ?

ਸਭ ਤੋਂ ਪਹਿਲਾਂ ਕੋਈ ੩੦ ਤੋਂ ਵੱਧ ਸੋਮਿਆਂ 'ਚੋਂ ਗੁਰਪੁਰਬਾਂ ਦੀਆਂ ਤਿੱਥੀਆਂ, ਪ੍ਰਵਿਸ਼ਟਿਆਂ ਅਤੇ ਅੰਗਰੇਜ਼ੀ ਤਾਰੀਖ਼ਾਂ ਨੂੰ ਸੰਗ੍ਰਹਿ ਕਰਕੇ ਵਿਚਾਰਿਆ ਗਿਆ। ਜੋ ਵਧੇਰੇ ਮੰਨਣਯੋਗ ਸਨ, ਉਨ੍ਹਾਂ ਮਿਤੀਆਂ ਦੇ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਗਿਆ। ਇਨ੍ਹਾਂ ਪ੍ਰਵਿਸ਼ਟਿਆਂ ਨੂੰ ਹੀ, ਜੋ ਨਾਨਕਸ਼ਾਹੀ ਸੰਮਤ ਲਾਗੂ ਹੋ ਰਿਹਾ ਹੈ, ਉਸ ਦੇ ਪ੍ਰਵਿਸ਼ਟੇ ਮੰਨ ਕੇ, ਅੱਜ ਦੇ ਪ੍ਰਚੱਲਤ ਸਾਂਝੇ ਸੰਨ (ਜਿਸ ਨੂੰ ਪਹਿਲਾਂ ਈਸਵੀ ਸੰਨ ਕਹਿੰਦੇ ਸਨ) ਦੀਆਂ ਤਾਰੀਖ਼ਾਂ ਵਿੱਚ ਬਦਲ ਕੇ ਨਾਲ-ਨਾਲ ਇਸ ਨਾਨਕਸ਼ਾਹੀ ਜੰਤਰੀ ਵਿੱਚ ਲਿਖ ਦਿੱਤਾ ਹੈ।

ਉਦਾਹਰਣਾਂ :

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ :

ਪ੍ਰਕਾਸ਼ ਦਿਵਸ ਕੱਢਣ ਲਈ ਗਣਿਤ ਇਸ ਪ੍ਰਕਾਰ ਹੈ :-

ਗੁਰੂ ਜੀ ਦਾ ਜੋਤੀ ਜੋਤ ਦਿਵਸ = ਅੱਸੂ ਵਦੀ ੧੦, ੧੫੯੬ ਬਿ:
= ੮ ਅੱਸੂ ੧੫੯੬ ਬਿ:

ਗੁਰੂ ਜੀ ਦੀ ਆਯੂ = ੭ ਦਿਨ ੫ ਮਹੀਨੇ ੭੦ ਸਾਲ
ਜੋਤੀ ਜੋਤ ਤਾਰੀਖ਼ ਵਿੱਚੋਂ ਆਯੂ ਘਟਾਉਣ 'ਤੇ
ਪ੍ਰਕਾਸ਼ ਦਿਵਸ = ਪਹਿਲੀ ਵੈਸਾਖ ੧੫੨੬ ਬਿ:
(ਵੈਸਾਖੀ ਜਾਂ ਵਸੋਆ)

ਪਹਿਲੀ ਵੈਸਾਖ ੧੫੨੬ ਬਿ: ਨੂੰ ਪੂਰਨਮਾਸ਼ੀ ਵੀ ਸੀ।

ਅਸੀਂ ਆਯੂ ਨੂੰ ਸੂਰਜੀ ਕੈਲੰਡਰ ਅਨੁਸਾਰ ਸਹੀ ਮੰਨਿਆ ਹੈ ਇਤਿਹਾਸਿਕ ਤਾਰੀਖ਼ਾਂ ਵਿੱਚੋਂ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਹੈ ਨਾ ਕਿ ਅੰਗ੍ਰੇਜ਼ੀ ਤਾਰੀਖ਼ਾਂ ਅਤੇ ਤਿੱਥੀਆਂ ਨੂੰ।

ਹੁਣ ਪਹਿਲੀ ਵੈਸਾਖ ਨਾਨਕਸ਼ਾਹੀ ਨੂੰ ੧੯੯੯ ਸਾਂਝੇ ਸਾਲ ਵਿੱਚ ੧੪ ਅਪ੍ਰੈਲ ਹੈ। ਇਸ ਲਈ ਗੁਰੂ ਜੀ ਦਾ ਪ੍ਰਕਾਸ਼ ਦਿਵਸ ਪਹਿਲੀ ਵੈਸਾਖ ਮੁਤਾਬਿਕ ੧੪ ਅਪ੍ਰੈਲ ਦਿੱਤਾ ਹੈ।

ਗੁਰੂ ਜੀ ਦਾ ਪ੍ਰਕਾਸ਼ ਉਤਸਵ ਕੱਤਕ ਪੂਰਨਮਾਸ਼ੀ ਨੂੰ ਮਨਾਉਣ ਦੀ ਪੰਥਕ ਪ੍ਰੰਪਰਾ ਕਾਫ਼ੀ ਸਮੇਂ ਤੋਂ ਹੈ। ਇਸ ਲਈ ਕੇਵਲ ਇਹ ਗੁਰਪੁਰਬ ਉਨ੍ਹਾਂ ਚਿਰ ਤੱਕ ਕੱਤਕ ਪੂਰਨਮਾਸ਼ੀ ਨੂੰ ਹੀ ਮਨਾਇਆ ਜਾਇਆ ਕਰੇਗਾ ਜਦ ਤੱਕ ਕਿ ਪੰਥ ਇਸ ਗੁਰਪੁਰਬ ਨੂੰ ਪਹਿਲੀ ਵੈਸਾਖ ਨੂੰ ਮਨਾਉਣਾ ਸ਼ੁਰੂ ਨਹੀਂ ਕਰ ਦਿੰਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ :

ਅੱਸੂ ਵਦੀ ੧੦, ੧੫੯੬ ਬਿ:
੮ ਅੱਸੂ, ੧੫੯੬ ਬਿ:
ਨਵੇਂ ਨਾਨਕਸ਼ਾਹੀ ਸੰਮਤ ਵਿੱਚ ੮ ਅੱਸੂ = ੨੨ ਸਤੰਬਰ
ਜੰਤਰੀ ਵਿੱਚ ਦਰਜ ੮ ਅੱਸੂ / ੨੨ ਸਤੰਬਰ

ਕਿਉਂਕਿ ਨਾਨਕਸ਼ਾਹੀ ਸੰਮਤ ਵਿੱਚ ਮਹੀਨਿਆਂ ਦੀ ਅਰੰਭਤਾ ਦੇ ਦਿਨ ਸਾਂਝੇ ਸੰਨ ਦੀਆਂ ਤਾਰੀਖਾਂ ਵਿੱਚ ਨਿਸਚਿਤ ਹਨ, ਇਸ ਲਈ ***੮ ਅੱਸੂ ਸਦਾ ੨੨ ਸਤੰਬਰ ਨੂੰ ਹੋਵੇਗਾ।*** ਇਤਿਹਾਸਿਕ ਤਾਰੀਖ਼ਾਂ ਵਿੱਚੋਂ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਹੈ ਨਾ ਕਿ ਅੰਗ੍ਰੇਜ਼ੀ ਤਾਰੀਖ਼ਾਂ ਨੂੰ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ :

ਪੋਹ ਸੁਦੀ ੭, ੧੭੨੩ ਬਿ:
੨੩ ਪੋਹ, ੧੭੨੩ ਬਿ:

ਨਾਨਕਸ਼ਾਹੀ ਸੰਮਤ ਵਿੱਚ ੨੩ ਪੋਹ ਸਦਾ ੫ ਜਨਵਰੀ ਨੂੰ ਹੋਵੇਗਾ।

ਇਸੇ ਤਰ੍ਹਾਂ ਹੀ ਬਾਕੀ ਗੁਰਪੁਰਬਾਂ ਦੀਆਂ ਤਾਰੀਖ਼ਾਂ ਲਗਾਈਆਂ ਗਈਆਂ ਹਨ।

ਤਿਉਹਾਰ

ਜਿਹੜੇ ਸਥਾਨਿਕ ਤਿਉਹਾਰ ਪ੍ਰਵਿਸ਼ਟਿਆਂ ਦੇ ਆਧਾਰ 'ਤੇ ਮਨਾਏ ਜਾਂਦੇ ਹਨ, ਉਨ੍ਹਾਂ ਦੀਆਂ ਸਾਂਝੇ ਸੰਨ ਦੀਆਂ ਤਾਰੀਖ਼ਾਂ ਨਾਨਕਸ਼ਾਹੀ ਦੇ ਪ੍ਰਵਿਸ਼ਟਿਆਂ ਮੁਤਾਬਿਕ ਦਿੱਤੀਆਂ ਹਨ। ਮਿਸਾਲ ਵਜੋਂ ਮਾਘੀ, ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਜਨਮ ਦਿਨ ਤੇ ਸ਼ਹੀਦੀ ਦਿਨ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨ।

ਹੋਲੇ ਮਹੱਲੇ ਸੰਬੰਧੀ ਵਿਸ਼ੇਸ਼ ਨੋਟ :

੧੬੯੭ ਈ: ਵਿੱਚ ਹੋਲਾ ਮਹੱਲਾ ਪਹਿਲੀ ਚੇਤ ਨੂੰ ਸੀ ਅਤੇ ੧੯੯੮ ਸਾਂਝੇ ਸੰਨ ਨੂੰ ਵੀ ਪਹਿਲੀ ਚੇਤ ਨੂੰ ਹੀ ਸੀ। ਇਹ ਤਿਉਹਾਰ ਸਾਲ ਦੇ ਸ਼ੁਰੂ ਹੋਣ ਅਤੇ ਬਸੰਤ ਰੁੱਤ ਦਾ ਪ੍ਰਤੀਕ ਹੈ। ਰੁੱਤ ਦਾ ਅਰੰਭ ਕਦੀ ੧੦/੧੧ ਦਿਨ ਪਿਛਾਂਹ ਅਤੇ ਕਦੀ ੧੮/੧੯ ਦਿਨ ਅਗਾਂਹ ਨਹੀਂ ਹੋਇਆ ਕਰਦਾ। ਇਸ ਜੰਤਰੀ ਵਿੱਚ ਇਹ ਤਿਉਹਾਰ ***ਪਹਿਲੀ ਚੇਤ*** ਨਾਨਕਸ਼ਾਹੀ ਮੁਤਾਬਿਕ ***੧੪ ਮਾਰਚ,*** ਜੋ ਕਿ ਨਾਨਕਸ਼ਾਹੀ ਸੰਮਤ ਦਾ ***ਨਵਾਂ ਸਾਲ ਦਿਵਸ ਹੈ,*** ਨੂੰ ਮਨਾਇਆ ਜਾਵੇਗਾ। ਨਾਨਕਸ਼ਾਹੀ ਸੰਮਤ ਦੇ ਨਵੇਂ ਸਾਲ ਦਾ ਅਰੰਭ ਇਸ ਤਿਉਹਾਰ ਨਾਲ ਹੋਵੇਗਾ ਅਤੇ ਗੁਰਦੁਆਰਿਆਂ ਵਿੱਚ ਨਵਾਂ ਸਾਲ ਦਿਵਸ ਪਹਿਲੀ ਚੇਤ ਨੂੰ ਹੋਲੇ-ਮਹੱਲੇ ਦੇ ਰੂਪ ਵਿੱਚ ਮਨਾਇਆ ਜਾਵੇਗਾ।

ਨਾਨਕਸ਼ਾਹੀ ਸੰਮਤ ਦੇ ਸਾਲ ਦਾ ਅਰੰਭ :

ਇਸ ਜੰਤਰੀ ਵਿੱਚ ਦਿੱਤੇ ਨਾਨਕਸ਼ਾਹੀ ਸੰਮਤ ਦਾ ਅਰੰਭ ਚੇਤ ਦੇ ਮਹੀਨੇ ਤੋਂ ਕੀਤਾ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਦੋਵੇਂ ਬਾਰਹ ਮਾਹੇ ਅਤੇ ਰੁਤੀ ਸਲੋਕ ਬਾਣੀਆਂ ਵਿੱਚ ਚੇਤ ਦਾ ਮਹੀਨਾ ਪਹਿਲਾ ਮਹੀਨਾ ਹੈ। ਕੈਲੰਡਰ ਨੂੰ ਗੁਰਬਾਣੀ ਅਨੁਕੂਲ ਰੱਖਣਾ ਜ਼ਰੂਰੀ ਹੈ। ਜੇ ਵੈਸਾਖ ਨਾਲ ਸੰਮਤ ਸ਼ੁਰੂ ਕਰੀਏ ਤਾਂ ਕੈਲੰਡਰ ਦਾ ਪਹਿਲਾ ਮਹੀਨਾ ਵੈਸਾਖ ਹੋਵੇਗਾ ਅਤੇ ੧੨ਵਾਂ ਚੇਤ, ਇਹ ਠੀਕ ਨਹੀਂ ਹੈ। ਦੂਸਰੇ, ਇਹ ਜ਼ਰੂਰੀ ਨਹੀਂ ਕਿ ਸੰਮਤ ਉਸੇ ਤਾਰੀਖ਼ ਤੋਂ ਅਰੰਭ ਹੋਣਾ ਚਾਹੀਦਾ ਹੈ ਜਿਸ ਤਾਰੀਖ਼ 'ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਹੋਵੇ। ਹਜ਼ਰਤ ਈਸਾ ਦਾ ਜਨਮ ੨੫ ਦਸੰਬਰ ਨੂੰ ਮਨਾਇਆ ਜਾਂਦਾ ਹੈ, ਪਰ ਈਸਵੀ ਸੰਨ ਪਹਿਲੀ ਜਨਵਰੀ ਤੋਂ ਸ਼ੁਰੂ ਹੁੰਦਾ ਹੈ।

ਪਾਲ ਸਿੰਘ (ਪੁਰੇਵਾਲ)

ਗੁਰੂ ਸਾਹਿਬਾਨ	ਪ੍ਰਕਾਸ਼	ਗੁਰਿਆਈ	ਜੋਤੀ ਜੋਤ
ਸ੍ਰੀ ਗੁਰੂ ਨਾਨਕ ਦੇਵ ਜੀ	੧ ਵੈਸਾਖ 14 ਅਪ੍ਰੈਲ	ਪ੍ਰਕਾਸ਼ ਤੋਂ	੮ ਅੱਸੂ 22 ਸਤੰਬਰ
ਸ੍ਰੀ ਗੁਰੂ ਅੰਗਦ ਦੇਵ ਜੀ	੫ ਵੈਸਾਖ 18 ਅਪ੍ਰੈਲ	੪ ਅੱਸੂ 18 ਸਤੰਬਰ	੩ ਵੈਸਾਖ 16 ਅਪ੍ਰੈਲ
ਸ੍ਰੀ ਗੁਰੂ ਅਮਰ ਦਾਸ ਜੀ	੯ ਜੇਠ 23 ਮਈ	੩ ਵੈਸਾਖ 16 ਅਪ੍ਰੈਲ	੨ ਅੱਸੂ 16 ਸਤੰਬਰ
ਸ੍ਰੀ ਗੁਰੂ ਰਾਮ ਦਾਸ ਜੀ	੨੫ ਅੱਸੂ 9 ਅਕਤੂਬਰ	੨ ਅੱਸੂ 16 ਸਤੰਬਰ	੨ ਅੱਸੂ 16 ਸਤੰਬਰ
ਸ੍ਰੀ ਗੁਰੂ ਅਰਜਨ ਦੇਵ ਜੀ	੧੯ ਵੈਸਾਖ 2 ਮਈ	੨ ਅੱਸੂ 16 ਸਤੰਬਰ	੨ ਹਾੜ 16 ਜੂਨ
ਸ੍ਰੀ ਗੁਰੂ ਹਰਿਗੋਬਿੰਦ ਜੀ	੨੧ ਹਾੜ 5 ਜੁਲਾਈ	੨੮ ਜੇਠ 11 ਜੂਨ	੬ ਚੇਤ 19 ਮਾਰਚ
ਸ੍ਰੀ ਗੁਰੂ ਹਰਿਰਾਇ ਜੀ	੧੬ ਮਾਘ 31 ਜਨਵਰੀ	੧ ਚੇਤ 14 ਮਾਰਚ	੬ ਕੱਤਕ 20 ਅਕਤੂਬਰ
ਸ੍ਰੀ ਗੁਰੂ ਹਰਿਕ੍ਰਿਸ਼ਨ ਜੀ	੮ ਸਾਵਣ 23 ਜੁਲਾਈ	੬ ਕੱਤਕ 20 ਅਕਤੂਬਰ	੩ ਵੈਸਾਖ 16 ਅਪ੍ਰੈਲ
ਸ੍ਰੀ ਗੁਰੂ ਤੇਗ ਬਹਾਦਰ ਜੀ	੫ ਵੈਸਾਖ 18 ਅਪ੍ਰੈਲ	੩ ਵੈਸਾਖ 16 ਅਪ੍ਰੈਲ	੧੧ ਮੱਘਰ 24 ਨਵੰਬਰ
ਸ੍ਰੀ ਗੁਰੂ ਗੋਬਿੰਦ ਸਿੰਘ ਜੀ	੨੩ ਪੋਹ 5 ਜਨਵਰੀ	੧੧ ਮੱਘਰ 24 ਨਵੰਬਰ	੭ ਕੱਤਕ 21 ਅਕਤੂਬਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ	ਸੰਪੂਰਨਤਾ ਦਿਵਸ ੧੫ ਭਾਦੋਂ/ 30 ਅਗਸਤ	ਪਹਿਲਾ ਪ੍ਰਕਾਸ਼ ੧੭ ਭਾਦੋਂ/ 1 ਸਤੰਬਰ	ਗੁਰਿਆਈ ੬ ਕੱਤਕ/ 20 ਅਕਤੂਬਰ

ਗੁਰਮਤਿ ਪ੍ਰਕਾਸ਼

'ਗੁਰਮਤਿ ਪ੍ਰਕਾਸ਼' ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ ਦਾ ਮਾਸਿਕ ਪੱਤਰ ਹੈ, ਜਿਸ ਵਿਚ ਉੱਚ-ਕੋਟੀ ਦੇ ਵਿਦਵਾਨਾਂ, ਇਤਿਹਾਸਕਾਰਾਂ ਤੇ ਖੋਜੀਆਂ ਦੀਆਂ ਨਿਰੋਲ ਧਾਰਮਿਕ ਅਤੇ ਗੁਰਮਤਿ ਸਬੰਧੀ ਰਚਨਾਤਮਕ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਜਿਥੇ ਇਹ ਪਰਚਾ ਸਿੱਖ ਸਾਹਿਤ, ਸਿੱਖ ਧਰਮ, ਸਿੱਖ ਇਤਿਹਾਸ ਦੀ ਅਨਮੋਲ ਜਾਣਕਾਰੀ ਦਾ ਖ਼ਜ਼ਾਨਾ ਹੈ, ਉਥੇ ਇਹ ਗੁਰਮਤਿ ਸਿਧਾਂਤਾਂ ਦਾ ਸ਼ੁੱਧ ਖ਼ਾਲਸਈ ਵਿਵੇਚਨ ਕਰਕੇ ਗੁਰਮਤਿ ਗਾਡੀ ਮਾਰਗ 'ਤੇ ਚੱਲਣ ਦੀ ਹਰ ਪ੍ਰਾਣੀ ਨੂੰ ਸਫਲ ਪ੍ਰੇਰਨਾ ਦਿੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਗੁਰਮਤਿ ਪ੍ਰਕਾਸ਼' ਦੇ ਪਾਠਕਾਂ ਦੀ ਸੇਵਾ ਵਿਚ ਵਿਸ਼ੇਸ਼ ਅੰਕ ਦੇਣ ਦਾ ਅਮਲ ਸ਼ੁਰੂ ਕੀਤਾ ਹੈ। ਅੱਜ-ਕਲ੍ਹ ਇਸ ਦੀ ਛਪਣ ਗਿਣਤੀ ੪੦੦੦੦ (ਚਾਲੀ ਹਜ਼ਾਰ) ਤੋਂ ਵੱਧ ਹੈ। ਇਸ ਦੀ ਛਪਾਈ ਸ਼੍ਰੋਮਣੀ ਕਮੇਟੀ ਦੇ ਆਪਣੇ ਪ੍ਰੈਸ (ਗੋਲਡਨ ਆਫਸੈਟ ਪ੍ਰੈਸ) 'ਚ ਕੀਤੀ ਜਾਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਆਪ ਜੀ ਖੁਦ ਭੀ ਮੈਂਬਰ ਬਣੋ ਤੇ ਹੋਰ ਆਪਣੇ ਸੱਜਣਾਂ-ਮਿੱਤਰਾਂ ਤੇ ਸਨੇਹੀਆਂ ਨੂੰ ਪੁਰਜ਼ੋਰ ਪ੍ਰੇਰਨਾ ਕਰੋ ਕਿ ਉਹ ਆਪ ਵੀ ਮੈਂਬਰ ਬਣਨ ਤੇ ਹੋਰ ਭੀ ਮੈਂਬਰ ਬਨਾਉਣ ਦੀ ਕਿਰਪਾਲਤਾ ਕਰਨ ਤਾਂ ਕਿ ਇਹ ਪਰਚਾ ਹਰ ਗੁਰਸਿੱਖ ਪਰਿਵਾਰ ਵਿਚ ਪਹੁੰਚੇ ਅਤੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਹੋ ਸਕੇ। ਪ੍ਰਚਾਰ ਨੂੰ ਮੁੱਖ ਰੱਖਦਿਆਂ ਇਸ ਪਰਚੇ ਦਾ ਚੰਦਾ ਲਾਗਤ ਤੋਂ ਬਹੁਤ ਹੀ ਘੱਟ ਰੱਖਿਆ ਗਿਆ ਹੈ, ਜੋ ਹੇਠ ਲਿਖੇ ਅਨੁਸਾਰ ਹੈ। ਚੰਦੇ ਦੀ ਮਾਇਆ ਅਤੇ ਪਾਠਕਾਂ ਦੇ ਐਡਰੈਸ *ਐਡੀਸ਼ਨਲ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ* ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨੀ।

੧. ਸਾਲਾਨਾ ਚੰਦਾ (ਦੇਸ਼)	੨੦/-	੨. ਸਾਲਾਨਾ ਚੰਦਾ (ਪ੍ਰਦੇਸ਼)	੫੦੦/-
੩. ਲਾਈਫ ਮੈਂਬਰਸ਼ਿਪ (ਦੇਸ਼)	੨੦੦/-	੪. ਲਾਈਫ ਮੈਂਬਰਸ਼ਿਪ (ਪ੍ਰਦੇਸ਼)	੫੦੦੦/-

ਪਾਠਕਾਂ ਨੂੰ ਸਨਿਮਰ ਬੇਨਤੀ

ਸ਼੍ਰੋਮਣੀ ਕਮੇਟੀ ਵੱਲੋਂ ਛਪਦੀਆਂ ਆਈਆਂ ਸ਼੍ਰੋਮਣੀ ਜੰਤ੍ਰੀਆਂ ਵਿੱਚ ੩੧ ਦਸੰਬਰ ੧੯੯੮ ਤੱਕ ਦੇਸੀ ਮਹੀਨਿਆਂ ਦੀਆਂ ਤਾਰੀਖ਼ਾਂ (ਪ੍ਰਵਿਸ਼ਟੇ) ਬਿਕ੍ਰਮੀ ਕੈਲੰਡਰ ਅਨੁਸਾਰ ਹਨ। ਪਹਿਲੀ ਜਨਵਰੀ ੧੯੯੯ ਤੋਂ ਅਸੀਂ ਬਿਕ੍ਰਮੀ ਕੈਲੰਡਰ ਨੂੰ ਉਸ ਵਿੱਚ ਊਣਤਾਈਆਂ ਕਾਰਨ ਛੱਡ ਰਹੇ ਹਾਂ ਅਤੇ ਸ਼ੁੱਧ ਮੌਸਮੀ ਸਾਲ ਦੀ ਲੰਬਾਈ 'ਤੇ ਅਧਾਰਿਤ ਅਤੇ ਗੁਰਬਾਣੀ ਅਨੁਕੂਲ ਰਹਿਣ ਵਾਲਾ ਨਾਨਕਸ਼ਾਹੀ ਕੈਲੰਡਰ ਲਾਗੂ ਕਰ ਰਹੇ ਹਾਂ। ੩੧ ਦਸੰਬਰ ੧੯੯੮ ਨੂੰ ਬਿਕ੍ਰਮੀ ਕੈਲੰਡਰ ਅਨੁਸਾਰ ੧੭ ਪੋਹ ਹੈ ਅਤੇ ਪਹਿਲੀ ਜਨਵਰੀ ੧੯੯੯ ਨੂੰ ੧੮ ਪੋਹ। ੩੧ ਦਸੰਬਰ ੧੯੯੯ ਨੂੰ ਬਿਕ੍ਰਮੀ ਕੈਲੰਡਰ ਅਨੁਸਾਰ ੧੬ ਪੋਹ ਹੋਵੇਗਾ ਅਤੇ ਅਗਲੇ ਦਿਨ ਪਹਿਲੀ ਜਨਵਰੀ ਨੂੰ ੧੭ ਪੋਹ। ਸੰਨ ੨੧੦੦/੨੧੦੧ ਵਿੱਚ ੩੧ ਦਸੰਬਰ ਨੂੰ ਬਿਕ੍ਰਮੀ ਕੈਲੰਡਰ ਅਨੁਸਾਰ ੧੫ ਪੋਹ ਅਤੇ ਅਗਲੇ ਦਿਨ ਪਹਿਲੀ ਜਨਵਰੀ ਨੂੰ ੧੬ ਪੋਹ ਹੋਵੇਗਾ ਪਰ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਦਾ ਹੀ ੩੧ ਦਸੰਬਰ ਨੂੰ ੧੮ ਪੋਹ ਅਤੇ ਪਹਿਲੀ ਜਨਵਰੀ ਨੂੰ ੧੯ ਪੋਹ। ਜੇ ਅਸੀਂ ਬਿਕ੍ਰਮੀ ਕੈਲੰਡਰ, ਜੋ ਮੌਸਮੀ ਕੈਲੰਡਰ ਨਹੀਂ ਹੈ, ਵਾਲੀਆਂ ਹੀ ਤਾਰੀਖ਼ਾਂ ਨਾਲ ਮੇਲ ਰੱਖਣਾ ਸੀ ਤਾਂ ਇਤਨਾਂ ਖਲਜਗਣ ਕਰਨ ਦੀ ਲੋੜ ਨਹੀਂ ਸੀ। ਅਸੀਂ ਬਿਕ੍ਰਮੀ ਕੈਲੰਡਰ ਨੂੰ ਗੁਰਬਾਣੀ ਅਨੁਸਾਰ ਠੀਕ ਨਾ ਸਮਝ ਕੇ ਇਸ ੧੯੯੯/੨੦੦੦ ਸੰਨ ੫੩੦/੫੩੧ ਨਾਨਕਸ਼ਾਹੀ ਦੀ ਜੰਤ੍ਰੀ ਤੋਂ ਉਸ ਨੂੰ ਛੱਡ ਕੇ ਨਾਨਕਸ਼ਾਹੀ ਕੈਲੰਡਰ ਲਾਗੂ ਕਰ ਰਹੇ ਹਾਂ। ਆਸ ਹੈ ਕਿ ਬਿਕ੍ਰਮੀ ਸੋਚ ਦੇ ਚੱਕਰ 'ਚੋਂ ਨਿਕਲ ਕੇ ਪਾਠਕ ਸ਼੍ਰੋਮਣੀ ਕਮੇਟੀ ਦੇ ਇਸ ਉਪਰਾਲੇ ਨੂੰ ਖ਼ਾਲਸੇ ਦੇ ੩੦੦ ਸਾਲਾ ਜਸ਼ਨਾਂ ਦਾ ਹਿੱਸਾ ਜਾਣ ਕੇ ਖੁਸ਼ੀਆਂ ਸਾਂਝੀਆਂ ਕਰਨਗੇ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਪਿਆ
ਗੁਰਮਤਿ ਲਿਟਰੇਚਰ

ਪਾਵਨ ਬੀੜ ਜੁੜਵੇਂ ਅੱਖਰ
ਪਾਵਨ ਬੀੜ ਦਰਮਿਆਨਾ ਆਕਾਰ
ਪਾਵਨ ਬੀੜ ਵੱਡਾ ਆਕਾਰ
ਜਪੁ ਜੀ ਸਾਹਿਬ
ਜਪੁ ਜੀ ਸਾਹਿਬ ਤੇ ਸ਼ਬਦ ਹਜਾਰੇ
ਰਹਰਾਸਿ
ਜਾਪੁ ਸਾਹਿਬ
ਬਾਣੀ ਪਾਤਸ਼ਾਹੀ ਨੌਵੀਂ
ਨਤਨੇਮ ਤੇ ਹੋਰ ਬਾਣੀਆਂ ਦਰਮਿਆਨਾ ਸਾਈਜ਼
ਨਿਤਨੇਮ ਤੇ ਹੋਰ ਬਾਣੀਆਂ ਵੱਡਾ ਸਾਈਜ਼
ਜਪੁ ਜੀ ਸਾਹਿਬ ਤੇ ਹੋਰ ਬਾਣੀਆਂ ਸਟੀਕ
ਗੁਟਕਾ ਨਿਤਨੇਮ ਸਟੀਕ — ਪ੍ਰੋ : ਪ੍ਰਕਾਸ਼ ਸਿੰਘ
ਕੀਰਤਨੀ ਆਸਾ ਦੀ ਵਾਰ
ਸੁਖਮਨੀ ਸਾਹਿਬ ਛੋਟਾ ਸਾਈਜ਼
ਸੁਖਮਨੀ ਸਾਹਿਬ ਦਰਮਿਆਨਾ ਸਾਈਜ਼
ਸੁਖਮਨੀ ਸਾਹਿਬ ਵੱਡਾ ਸਾਈਜ਼
ਸੁੰਦਰ ਗੁਟਕਾ
ਗੁਰਸ਼ਬਦ ਸੰਗ੍ਰਹਿ
ਪੰਜ ਗ੍ਰੰਥੀ
ਦਸ ਗ੍ਰੰਥੀ
ਪੋਥੀ ਭਗਤ ਬਾਣੀ
ਪੋਥੀ ਬਾਈ ਵਾਰਾਂ
ਬਚਿੱਤਰ ਨਾਟਕ
ਅਕਾਲ ਉਸਤਤ ਪੰਜਾਬੀ
ਵਾਰਾਂ ਭਾਈ ਗੁਰਦਾਸ ਜੀ
ਸਿੱਖ ਵਿਚਾਰਧਾਰਾ — ਪ੍ਰੋ: ਪ੍ਰੀਤਮ ਸਿੰਘ ਐਮ.ਏ
ਅਮਰ ਖਾਲਸਾ — ਸ: ਕਰਮ ਸਿੰਘ ਹਿਸਟੋਰੀਅਨ
ਗੰਜਿ ਸ਼ਹੀਦਾਂ — ਹਕੀਮ ਮਿਰਜ਼ਾ ਅਲਯਾਰ ਖਾਂ
ਗੁਰਮਤਿ ਮਾਰਤੰਡ ਭਾਗ ੧ — ਭਾਈ ਕਾਨ੍ਹ ਸਿੰਘ ਨਾਭਾ
ਗੁਰਮਤਿ ਮਾਰਤੰਡ ਭਾਗ ੨ — "

ਪੋਹ

ਸੰਮਤ ਨਾਨਕਸ਼ਾਹੀ ੫੩੦

ਐਤ SUN				੨੧ 3 ਜਨਵਰੀ	੨੮ 10 ਜਨਵਰੀ
ਸੋਮ MON				੨੨ 4 ਜਨਵਰੀ	੨੯ 11 ਜਨਵਰੀ
ਮੰਗਲ TUE				੨੩ 5 ਜਨਵਰੀ	੩੦ 12 ਜਨਵਰੀ
ਬੁੱਧ WED				੨੪ 6 ਜਨਵਰੀ	✪
ਵੀਰ THU				੨੫ 7 ਜਨਵਰੀ	✪
ਸ਼ੁੱਕਰ FRI	✪	✪	੧੯ 1 ਜਨਵਰੀ	੨੬ 8 ਜਨਵਰੀ	✪
ਸ਼ਨੀ SAT	✪	✪	੨੦ ◎ 2 ਜਨਵਰੀ	੨੭ 9 ਜਨਵਰੀ	✪

ਜ਼ਰੂਰੀ ਸੂਚਨਾ

ਨਾਨਕਸ਼ਾਹੀ ਜੰਤਰੀ ਦਾ ਸਾਲ ਚੇਤ ਤੋਂ ਫੱਗਣ ਤੱਕ ਹੋਇਆ ਕਰੇਗਾ ਪਰ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ੨੩ ਪੋਹ ਸੰਮਤ ਨਾਨਕਸ਼ਾਹੀ (5 ਜਨਵਰੀ, 1999) ਨੂੰ ਮਨਾਉਣ ਦਾ ਫੈਸਲਾ ਗੁਰੂ ਪੰਥ ਵਲੋਂ ਕੀਤਾ ਗਿਆ ਹੈ ਇਸ ਲਈ ਇਸ ਜੰਤਰੀ ਵਿੱਚ ੧੯ ਪੋਹ ਸੰਮਤ ਨਾਨਕਸ਼ਾਹੀ ੫੩੦ (1 ਜਨਵਰੀ ੧੯੯੯) ਤੋਂ ੩੦ ਫੱਗਣ (13 ਮਾਰਚ) ਤੱਕ ਦੀਆ ਤਰੀਕਾਂ ਵੀ ਇਸ ਵਾਰ ਦਿੱਤੀਆਂ ਗਈਆਂ ਹਨ।

✶ ਅਰੰਭਤਾ ● ਅਮਾਵਸ ✯ ਪੰਚਮੀ ◎ ਪੂਰਨਮਾਸ਼ੀ

ਜਨਵਰੀ 1999

ਗੁਰਪੁਰਬ

ਪ੍ਰਕਾਸ਼ ਪਾ: ਦਸਵੀਂ — 23 ਪੋਹ — 5 ਜਨਵਰੀ

ਹੋਰ ਤਿਉਹਾਰ

ਨਿਊ-ਯੀਅਰ ਡੇ — 1 ਜਨਵਰੀ

ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਪਿਆ
ਗੁਰਮਤਿ ਲਿਟਰੇਚਰ

ਸੰਥਾ ਸੈਂਚੀ ਪੋਥੀ ਪਹਿਲੀ
ਸੰਥਾ ਸੈਂਚੀ ਪੋਥੀ ਦੂਜੀ
ਸ਼ਬਦਾਰਥ ਪੋਥੀ ਪਹਿਲੀ
ਸ਼ਬਦਾਰਥ ਪੋਥੀ ਦੂਜੀ
ਸ਼ਬਦਾਰਥ ਪੋਥੀ ਤੀਜੀ
ਸ਼ਬਦਾਰਥ ਪੋਥੀ ਚੌਥੀ
ਗੁਰਮਤਿ ਦਰਸ਼ਨ — ਪ੍ਰੋ: ਸ਼ੇਰ ਸਿੰਘ ਗਿਆਨੀ
ਗੁਰਬਾਣੀ ਸੰਗੀਤ ਭਾਗ ੧ — ਸ: ਗਿਆਨ ਸਿੰਘ ਐਬਟਾਬਾਦ
ਗੁਰਬਾਣੀ ਸੰਗੀਤ ਭਾਗ ੨ — "
ਧਰਮ ਪੋਥੀ ਨੰਬਰ ੧ — ਪ੍ਰੋ: ਕਰਤਾਰ ਸਿੰਘ ਐਮ. ਏ
ਧਰਮ ਪੋਥੀ ਨੰਬਰ ੨ — "
ਧਰਮ ਪੋਥੀ ਨੰਬਰ ੩ — "
ਧਰਮ ਪੋਥੀ ਨੰਬਰ ੪ — "
ਧਰਮ ਪੋਥੀ ਨੰਬਰ ੫ — "
ਧਰਮ ਪੋਥੀ ਨੰਬਰ ੬ — "
ਧਰਮ ਪੋਥੀ ਨੰਬਰ ੭-੮ — "
ਧਰਮ ਪੋਥੀ ਨੰਬਰ ੯-੧੦ — "
ਸਿੱਖ ਇਤਿਹਾਸ ਭਾਗ ਪਹਿਲਾ — "
ਸਿੱਖ ਇਤਿਹਾਸ ਭਾਗ ਦੂਜਾ — "

(ਬਾਰਹ ਮਾਹਾ ਮਾਂਝ)

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

(ਬਾਰਹ ਮਾਹਾ ਤੁਖਾਰੀ)

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥ ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥ ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥ ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥ ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥੧੫॥

ਮਾਘ ਸੰਮਤ ਨਾਨਕਸ਼ਾਹੀ ੫੩੦

ਐਤ SUN	✪	● ੫ 17 ਜਨਵਰੀ	੧੨ 24 ਜਨਵਰੀ	◎ ੧੯ 31 ਜਨਵਰੀ	੨੬ 7 ਫਰਵਰੀ
ਸੋਮ MON	✪	੬ 18 ਜਨਵਰੀ	੧੩ 25 ਜਨਵਰੀ	੨੦ 1 ਫਰਵਰੀ	੨੭ 8 ਫਰਵਰੀ
ਮੰਗਲ TUE	✪	੭ 19 ਜਨਵਰੀ	੧੪ 26 ਜਨਵਰੀ	੨੧ 2 ਫਰਵਰੀ	੨੮ 9 ਫਰਵਰੀ
ਬੁੱਧ WED	✲ ੧ 13 ਜਨਵਰੀ	੮ 20 ਜਨਵਰੀ	੧੫ 27 ਜਨਵਰੀ	੨੨ 3 ਫਰਵਰੀ	੨੯ 10 ਫਰਵਰੀ
ਵੀਰ THU	੨ 14 ਜਨਵਰੀ	੯ 21 ਜਨਵਰੀ	੧੬ 28 ਜਨਵਰੀ	੨੩ 4 ਫਰਵਰੀ	੩੦ 11 ਫਰਵਰੀ
ਸ਼ੁੱਕਰ FRI	੩ 15 ਜਨਵਰੀ	★ ੧੦ 22 ਜਨਵਰੀ	੧੭ 29 ਜਨਵਰੀ	੨੪ 5 ਫਰਵਰੀ	✪
ਸ਼ਨੀ SAT	੪ 16 ਜਨਵਰੀ	੧੧ 23 ਜਨਵਰੀ	੧੮ 30 ਜਨਵਰੀ	੨੫ 6 ਫਰਵਰੀ	✪

✲ ਅਰੰਭਤਾ ● ਅਮਾਵਸ ★ ਪੰਚਮੀ ◎ ਪੂਰਨਮਾਸ਼ੀ

ਗੁਰਪੁਰਬ

ਪ੍ਰਕਾਸ਼ ਪਾ: ਸੱਤਵੀਂ	੧੯ ਮਾਘ	31 ਜਨਵਰੀ

ਸਿੱਖ ਤਿਉਹਾਰ

ਮੇਲਾ ਮਾਘੀ ਮੁਕਤਸਰ	੧ ਮਾਘ	13 ਜਨਵਰੀ
ਜਨਮ ਦਿਨ		
ਬਾਬਾ ਦੀਪ ਸਿੰਘ ਜੀ ਸ਼ਹੀਦ		26 ਜਨਵਰੀ
ਮੇਲਾ ਕੋਠਾ ਸਾਹਿਬ ਵੱਲਾ		31 ਜਨਵਰੀ
ਜਨਮ ਦਿਨ ਭਗਤ ਰਵਿਦਾਸ ਜੀ		31 ਜਨਵਰੀ
ਸ਼ਹੀਦੀ ਦਿਨ		
ਬਾਬਾ ਦੀਪ ਸਿੰਘ ਜੀ ਸ਼ਹੀਦ		9 ਫਰਵਰੀ

ਹੋਰ ਤਿਉਹਾਰ

ਈਦ-ਉਲ-ਫਿਤਰ	20 ਜਨਵਰੀ
ਬਸੰਤ ਪੰਚਮੀ	22 ਜਨਵਰੀ
ਗਣਤੰਤਰ ਦਿਵਸ	26 ਜਨਵਰੀ

ਸ੍ਰੀ ਹਰਿਮੰਦਰ ਸਾਹਿਬ ਵਿਖੇ ਜਲੌ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਹੈਠ ਲਿਖੇ ਗੁਰਪੁਰਬਾਂ 'ਤੇ ਜਲੌ, ਦੀਪਮਾਲਾ ਤੇ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ :

ਪਾ: ੧ ਪ੍ਰਕਾਸ਼ ਗੁਰਪੁਰਬ
ਪਾ: ੪ ਪ੍ਰਕਾਸ਼ ਗੁਰਪੁਰਬ
ਪਾ: ੬ ਗੁਰਗੱਦੀ ਨਸ਼ੀਨੀ
ਪਾ: ੯ ਪ੍ਰਕਾਸ਼ ਗੁਰਪੁਰਬ
ਪਾ: ੧੦ ਪ੍ਰਕਾਸ਼ ਗੁਰਪੁਰਬ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼

ਜਲੌ ਲੱਗਣ ਦਾ ਸਮਾਂ ਸਵੇਰੇ ੯ ਵਜੇਂ ਤੋਂ ੧੨ ਵਜੇ ਦੁਪਹਿਰ ਤੀਕ ।

ਫਰਵਰੀ 1999

(ਬਾਰਹ ਮਾਹਾ ਮਾਂਝ)

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥ ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

(ਬਾਰਹ ਮਾਹਾ ਭੁਖਾਰੀ)

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥ ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥ ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥ ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥ ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥

ਫੱਗਣ ਸੰਮਤ ਨਾਨਕਸ਼ਾਹੀ ੫੩੦

ਐਤ SUN	✪	੩ 14 ਫਰਵਰੀ	੧੦ 21 ਫਰਵਰੀ	੧੭ 28 ਫਰਵਰੀ	੨੪ 7 ਮਾਰਚ
ਸੋਮ MON	✪	੪ 15 ਫਰਵਰੀ	੧੧ 22 ਫਰਵਰੀ	੧੮ 1 ਮਾਰਚ	੨੫ 8 ਮਾਰਚ
ਮੰਗਲ TUE	✪	● ੫ 16 ਫਰਵਰੀ	੧੨ 23 ਫਰਵਰੀ	੧੯ ○ 2 ਮਾਰਚ	੨੬ 9 ਮਾਰਚ
ਬੁੱਧ WED	✪	੬ 17 ਫਰਵਰੀ	੧੩ 24 ਫਰਵਰੀ	੨੦ 3 ਮਾਰਚ	੨੭ 10 ਮਾਰਚ
ਵੀਰ THU	✪	੭ 18 ਫਰਵਰੀ	੧੪ 25 ਫਰਵਰੀ	੨੧ 4 ਮਾਰਚ	੨੮ 11 ਮਾਰਚ
ਸ਼ੁੱਕਰ FRI	✡ ੧ 12 ਫਰਵਰੀ	੮ 19 ਫਰਵਰੀ	੧੫ 26 ਫਰਵਰੀ	੨੨ 5 ਮਾਰਚ	੨੯ 12 ਮਾਰਚ
ਸ਼ਨੀ SAT	੨ 13 ਫਰਵਰੀ	★ ੯ 20 ਫਰਵਰੀ	੧੬ 27 ਫਰਵਰੀ	੨੩ 6 ਮਾਰਚ	੩੦ 13 ਮਾਰਚ

✡ ਅਰੰਭਤਾ ● ਅਮਾਵਸ ★ ਪੰਚਮੀ ○ ਪੂਰਨਮਾਸ਼ੀ

ਮਾਰਚ 1999

ਸਿੱਖ ਤਿਉਹਾਰ

ਸ਼ਹੀਦੀ ਸਾਕਾ ਨਨਕਾਣਾ ਸਾਹਿਬ	21 ਫਰਵਰੀ
ਮੇਲਾ ਡੇਰਾ ਬਾਬਾ ਨਾਨਕ	4 ਮਾਰਚ

ਹੋਰ ਤਿਉਹਾਰ

ਸ਼ਿਵਰਾਤਰੀ	14 ਫਰਵਰੀ

Publications in English (SGPC)

Sikhs As Liberators	Principal Teja Singh
Guru Nanak & his Mission	"
The Sikh Prayer	"
Religion of the Sikh Gurus	"
Assa Di Var	"
The Psalm of Peace	"
The growth of Responsibility in Sikhism	"
The Sikh Religion	"
Human Hair	Dr. Chanda Singh
The Golden Temle	
The Heritage of the Golden Temple	S. Harbans Singh
City of Bliss	"
A brief Account of the Sikhs	Dr. Ganda Singh
The Khalsa	Sardar Singh M.A
Philosophy of Sikhism	Sher Singh Giani
The Quintessence of Sikhism	Dr. Gobind Singh

Sri Guru Granth Sahib ji

(Punjabi & English Translation)

by late S. Manmohan Singh ji Advocate

Vol. I, II, III, IV, V. VI, VII, VIII

ਮਾਰਚ 1999

(ਬਾਰਹ ਮਾਹਾ ਮਾਂਝ)

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

(ਬਾਰਹ ਮਾਹਾ ਤੁਖਾਰੀ)

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥ ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੇ ॥ ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ॥ ਬਿਰਹਿ ਬਿਰੋਧ ਤਨੁ ਛੀਜੈ ॥ ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥ ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥ ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥੫॥

ਚੇਤ ਸੰਮਤ ਨਾਨਕਸ਼ਾਹੀ ੫੩੧

ਐਤ SUN	✶ ੧ 14 ਮਾਰਚ	੮ 21 ਮਾਰਚ	੧੫ 28 ਮਾਰਚ	੨੨ 4 ਅਪ੍ਰੈਲ	੨੯ 11 ਅਪ੍ਰੈਲ
ਸੋਮ MON	੨ 15 ਮਾਰਚ	★ ੯ 22 ਮਾਰਚ	੧੬ 29 ਮਾਰਚ	੨੩ 5 ਅਪ੍ਰੈਲ	੩੦ 12 ਅਪ੍ਰੈਲ
ਮੰਗਲ TUE	੩ 16 ਮਾਰਚ	੧੦ 23 ਮਾਰਚ	੧੭ 30 ਮਾਰਚ	੨੪ 6 ਅਪ੍ਰੈਲ	੩੧ 13 ਅਪ੍ਰੈਲ
ਬੁੱਧ WED	● ੪ 17 ਮਾਰਚ	੧੧ 24 ਮਾਰਚ	◎ ੧੮ 31 ਮਾਰਚ	੨੫ 7 ਅਪ੍ਰੈਲ	✪
ਵੀਰ THU	੫ 18 ਮਾਰਚ	੧੨ 25 ਮਾਰਚ	੧੯ 1 ਅਪ੍ਰੈਲ	੨੬ 8 ਅਪ੍ਰੈਲ	✪
ਸ਼ੁੱਕਰ FRI	੬ 19 ਮਾਰਚ	੧੩ 26 ਮਾਰਚ	੨੦ 2 ਅਪ੍ਰੈਲ	੨੭ 9 ਅਪ੍ਰੈਲ	✪
ਸ਼ਨੀ SAT	੭ 20 ਮਾਰਚ	੧੪ 27 ਮਾਰਚ	੨੧ 3 ਅਪ੍ਰੈਲ	੨੮ 10 ਅਪ੍ਰੈਲ	✪

✶ ਅਰੰਭਤਾ ● ਅਮਾਵਸ ★ ਪੰਚਮੀ ◎ ਪੂਰਨਮਾਸ਼ੀ

ਅਪ੍ਰੈਲ 1999

ਗੁਰਪੁਰਬ

ਗੁਰਗੱਦੀ ਪਾ: ਸੱਤਵੀਂ	੧ ਚੇਤ	14 ਮਾਰਚ
ਜੋਤੀ ਜੋਤ ਪਾ: ਛੇਵੀਂ	੬ ਚੇਤ	19 ਮਾਰਚ

ਸਿੱਖ ਤਿਉਹਾਰ

ਨਵਾਂ ਸਾਲ ਦਿਵਸ	੧ ਚੇਤ	14 ਮਾਰਚ

(ਸੰਮਤ ਨਾਨਕਸ਼ਾਹੀ ੫੩੧ ਅਰੰਭ)

ਹੋਲਾ ਮਹੱਲਾ	੧ ਚੇਤ	14 ਮਾਰਚ

ਹੋਰ ਤਿਉਹਾਰ

ਨਵਰਾਤਰੇ ਸ਼ੁਰੂ	18 ਮਾਰਚ
ਸ੍ਰੀ ਰਾਮ ਨੌਮੀ	25 ਮਾਰਚ
ਨਵਰਾਤਰੇ ਖ਼ਤਮ	25 ਮਾਰਚ
ਈਦ-ਉਲ-ਜ਼ੁਹਾ (ਬਕਰੀਦ)	29 ਮਾਰਚ
ਸ੍ਰੀ ਮਹਾਂਬੀਰ ਜਯੰਤੀ	29 ਮਾਰਚ
ਗੁੱਡ ਫਰਾਈਡੇ	2 ਅਪ੍ਰੈਲ

ਸਿੱਖ ਰੈਫ਼ਰੈਸ ਲਾਇਬ੍ਰੇਰੀ

ਸਮੂਹ ਸਿੱਖ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਵੀ ਕੋਈ ਦੁਰਲੱਭ ਇਤਿਹਾਸਿਕ ਹੱਥ-ਲਿਖਤ ਪੁਸਤਕ ਜਾਂ ਕੋਈ ਹੋਰ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੂਚਿਤ ਕਰਨ ਦੀ ਕ੍ਰਿਪਾਲਤਾ ਕਰੇ।

ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

(ਬਾਰਹ ਮਾਹਾ ਮਾਂਝ)

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

(ਬਾਰਹ ਮਾਹਾ ਤੁਖਾਰੀ)

ਵੈਸਾਖੁ ਭਲਾ ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥ ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥ ਕੀਮਤਿ ਕਉਣੁ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥ ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥ ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥

ਵੈਸਾਖ ਸੰਮਤ ਨਾਨਕਸ਼ਾਹੀ ੫੩੧

ਐਤ SUN	✪	੫ 18 ਅਪ੍ਰੈਲ	੧੨ 25 ਅਪ੍ਰੈਲ	੧੯ 2 ਮਈ	੨੬ 9 ਮਈ
ਸੋਮ MON	✪	੬ 19 ਅਪ੍ਰੈਲ	੧੩ 26 ਅਪ੍ਰੈਲ	੨੦ 3 ਮਈ	੨੭ 10 ਮਈ
ਮੰਗਲ TUE	✪	✯ ੭ 20 ਅਪ੍ਰੈਲ	੧੪ 27 ਅਪ੍ਰੈਲ	੨੧ 4 ਮਈ	੨੮ 11 ਮਈ
ਬੁੱਧ WED	✵ ੧ 14 ਅਪ੍ਰੈਲ	੮ 21 ਅਪ੍ਰੈਲ	੧੫ 28 ਅਪ੍ਰੈਲ	੨੨ 5 ਮਈ	੨੯ 12 ਮਈ
ਵੀਰ THU	੨ 15 ਅਪ੍ਰੈਲ	੯ 22 ਅਪ੍ਰੈਲ	੧੬ 29 ਅਪ੍ਰੈਲ	੨੩ 6 ਮਈ	੩੦ 13 ਮਈ
ਸ਼ੁੱਕਰ FRI	● ੩ 16 ਅਪ੍ਰੈਲ	੧੦ 23 ਅਪ੍ਰੈਲ	○ ੧੭ 30 ਅਪ੍ਰੈਲ	੨੪ 7 ਮਈ	੩੧ 14 ਮਈ
ਸ਼ਨੀ SAT	੪ 17 ਅਪ੍ਰੈਲ	੧੧ 24 ਅਪ੍ਰੈਲ	੧੮ 1 ਮਈ	੨੫ 8 ਮਈ	✪

✵ ਅਰੰਭਤਾ ● ਅਮਾਵਸ ✯ ਪੰਚਮੀ ○ ਪੂਰਨਮਾਸ਼ੀ

ਗੁਰਪੁਰਬ

ਪ੍ਰਕਾਸ਼		
ਸ੍ਰੀ ਗੁਰੂ ਨਾਨਕ ਦੇਵ ਜੀ	੧ ਵੈਸਾਖ	14 ਅਪ੍ਰੈਲ
(ਕੱਤਕ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ)		
ਜੋਤੀ ਜੋਤ ਪਾ: ਦੂਜੀ,	੩ ਵੈਸਾਖ	16 ਅਪ੍ਰੈਲ
ਗੁਰਗੱਦੀ ਪਾ: ਤੀਜੀ	੩ ਵੈਸਾਖ	16 ਅਪ੍ਰੈਲ
ਜੋਤੀ ਜੋਤ ਪਾ: ਅੱਠਵੀਂ	੩ ਵੈਸਾਖ	16 ਅਪ੍ਰੈਲ
ਗੁਰਗੱਦੀ ਪਾ: ਨੌਵੀਂ	੩ ਵੈਸਾਖ	16 ਅਪ੍ਰੈਲ
ਪ੍ਰਕਾਸ਼ ਪਾ: ਦੂਜੀ	੫ ਵੈਸਾਖ	18 ਅਪ੍ਰੈਲ
ਪ੍ਰਕਾਸ਼ ਪਾ: ਨੌਵੀਂ	੫ ਵੈਸਾਖ	18 ਅਪ੍ਰੈਲ
ਪ੍ਰਕਾਸ਼ ਪਾ: ਪੰਜਵੀਂ	੧੯ ਵੈਸਾਖ	2 ਮਈ

ਸਿੱਖ ਤਿਉਹਾਰ

ਵੈਸਾਖੀ (ਵਸੋਆ)	੧ ਵੈਸਾਖ	14 ਅਪ੍ਰੈਲ
ਪ੍ਰਕਾਸ਼ ਖਾਲਸਾ ਪੰਥ	੧ ਵੈਸਾਖ	14 ਅਪ੍ਰੈਲ
(ਸੰਮਤ ਖਾਲਸਾ 301 ਸ਼ੁਰੂ)		
ਜਨਮ ਦਿਨ		
ਸਾਹਿਬਜ਼ਾਦਾ ਅਜੀਤ ਸਿੰਘ ਜੀ	੨੨ ਵੈਸਾਖ	5 ਮਈ

ਹੋਰ ਤਿਉਹਾਰ

ਸੰਨ ਹਿਜਰੀ ੧੪੨੦ ਸ਼ੁਰੂ	18 ਅਪ੍ਰੈਲ
ਮਹਾਤਮਾ ਬੁੱਧ ਜਯੰਤੀ	30 ਅਪ੍ਰੈਲ
ਮਜ਼ਦੂਰ ਦਿਵਸ	1 ਮਈ

ਕਿਰਤ ਕਰੋ
ਨਾਮ ਜਪੋ
ਵੰਡ ਛਕੋ

(ਬਾਰਹ ਮਾਹਾ ਮਾਂਝ)

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

(ਬਾਰਹ ਮਾਹਾ ਤੁਖਾਰੀ)

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥ ਥਲ ਤਾਪਹ ਸਰ ਭਾਰ ਸਾ ਧਨ ਬਿਨਉ ਕਰੈ ॥ ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥ ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥

ਜੇਠ ਸੰਮਤ ਨਾਨਕਸ਼ਾਹੀ ੫੩੧

ਐਤ SUN	੩੦ ● 13 ਜੂਨ	੨ 16 ਮਈ	੯ 23 ਮਈ	੧੬ ○ 30 ਮਈ	੨੩ 6 ਜੂਨ
ਸੋਮ MON	੩੧ 14 ਜੂਨ	੩ 17 ਮਈ	੧੦ 24 ਮਈ	੧੭ 31 ਮਈ	੨੪ 7 ਜੂਨ
ਮੰਗਲ TUE	✪	੪ 18 ਮਈ	੧੧ 25 ਮਈ	੧੮ *1 ਜੂਨ*	੨੫ 8 ਜੂਨ
ਬੁੱਧ WED	✪	੫ ☆ 19 ਮਈ	੧੨ 26 ਮਈ	੧੯ 2 ਜੂਨ	੨੬ 9 ਜੂਨ
ਵੀਰ THU	✪	੬ 20 ਮਈ	੧੩ 27 ਮਈ	੨੦ 3 ਜੂਨ	੨੭ 10 ਜੂਨ
ਸ਼ੁੱਕਰ FRI	✪	੭ 21 ਮਈ	੧੪ 28 ਮਈ	੨੧ 4 ਜੂਨ	੨੮ 11 ਜੂਨ
ਸ਼ਨੀ SAT	੧ ● ✵ 15 ਮਈ	੮ 22 ਮਈ	੧੫ 29 ਮਈ	੨੨ 5 ਜੂਨ	੨੯ 12 ਜੂਨ

✵ ਅਰੰਭਤਾ ● ਅਮਾਵਸ ☆ ਪੰਚਮੀ ○ ਪੂਰਨਮਾਸ਼ੀ

ਗੁਰਪੁਰਬ

ਪ੍ਰਕਾਸ਼ ਪਾ: ਤੀਜੀ	੯ ਜੇਠ	23 ਮਈ
ਗੁਰਗੱਦੀ ਪਾ: ਛੇਵੀਂ	੨੮ ਜੇਠ	11 ਜੂਨ

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥

